# ਸਮਤਾ

ਸਤੰਬਰ 1984 (ਅੰਕ 52)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਤੰਬਰ 1984

ਮੁੱਲ—ਦੋ ਰੁਪਏ

52

**ਸੰਪਾਦਕੀ**—6 ਜੂਨ ਤੋਂ ਬਾਅਦ ਹੁਣ ਦੋ ਮਹੀਨੇ ਤੇ ਵੀਹ ਦਿਨ ਲੰਘ ਗਏ ਹਨ ਪਰ ਹਾਲੀ ਤੱਕ ਪੰਜਾਬ ਵਿਚ ਹਾਲਤ ਨੂੰ ਸਾਧਾਰਨੀ ਕਰਨ ਲਈ ਕੋਈ ਵੀ ਠੋਸ ਕਦਮ ਨਹੀਂ ਚੁੱਕੇ ਗਏ। ਇਸਦੇ ਉਲਟ ਇਸ ਦੌਰਾਨ ਸਰਕਾਰ ਵਲੋਂ ਜੋ ਵੀ ਕਦਮ ਚੁੱਕੇ ਗਏ ਹਨ, ਇਕ ਪਾਸੇ ਫੌਜ ਦੀ ਛਾਂ ਥੱਲੇ ਪੁਲਸ ਵਲੋਂ ਦਮਨ ਦੀਆਂ ਕਾਰਵਾਈਆਂ ਦਾ ਸਿਲਸਲਾ ਵੱਡੇ ਪੈਮਾਨੇ ਤੇ ਸ਼ੁਰੂ ਹੈ ਜਿਸ ਵਿਚ ਝੂਠੇ ਪੁਲਸ ਮੁਕਾਬਲੇ ਤੇ ਸਿਆਸੀ ਕਾਰਕੁਨਾਂ ਨੂੰ ਹਰ ਕਿਸਮ ਦੇ ਤਸੀਹੇ ਸ਼ਾਮਿਲ ਹਨ। ਇਹਦੇ ਨਾਲ ਹੀ ਖਾਲਿਸਤਾਨੀ ਪੱਖੀ ਲੋਕਾਂ ਦੇ ਇਕ ਸਮੂਹ ਵਲੋਂ, ਜੋ ਗਿਣਤੀ ਵਿਚ ਕੁਝ ਹੀ ਹਨ ਪਰ ਬਦੇਸੀ ਸ਼ਹਿ ਥੱਲੇ ਕੰਮ ਕਰਦੇ ਉਹਨਾਂ ਦੀਆਂ ਹਾਈਜੈਕਿੰਗ ਵਰਗੀਆਂ ਇੱਕਾ ਦੁੱਕਾ ਕਾਰਵਾਈਆਂ ਕਰਕੇ ਗੜਬੜ ਦੀ ਸਥਿਤੀ ਪੈਦਾ ਕਰਨ ਦੀ ਸਮਰੱਥਾ ਕਾਫੀ ਹੈ, ਹਾਲਾਤ ਨੂੰ ਸਾਧਾਰਨ ਕਰਨ ਵਿਚ ਵੱਡੀ ਰੁਕਾਵਟ ਹਨ। ਲੋਕਾਂ ਦਾ ਵੱਡਾ ਸਮੂਹ ਜੋ ਚਾਹੁੰਦਾ ਹੈ ਕਿ ਅਸ਼ਾਂਤੀ ਦਾ ਵਾਤਾਵਰਨ ਖਤਮ ਹੋਵੇ ਤੇ ਪੰਜਾਬ ਦੀ ਜ਼ਿੰਦਗੀ ਸਾਧਾਰਨ ਲੀਹਾਂ ਤੇ ਚਲ ਸਕੇ, ਉਹਨਾਂ ਨੂੰ ਚਣੌਤੀ ਕਬੂਲ ਕਰਦੇ ਹੋਏ ਆਪ ਅੱਗੇ ਆਉਣਾ ਪਵੇਗਾ ਤੇ ਇਸ ਸੰਬੰਧ ਵਿਚ ਪਹਿਲ ਕਦਮੀ ਕਰਨੀ ਪਵੇਗੀ। 19 ਅਗਸਤ, ਦੇਸ਼ ਭਗਤ ਹਾਲ ਜਲੰਧਰ ਵਿਚ ਜਿਹੜੀ ਵਿਸ਼ਾਲ ਕਨਵੈਨਸ਼ਨ ਹੋਈ ਹੈ, ਉਹ ਇਸ ਦਿਸ਼ਾ ਵਲ ਇਕ ਕਦਮ ਹੈ। ਇਸੇ ਤਰ੍ਹਾਂ 23 ਅਗਸਤ ਦਿਲੀ ਵਿਚ ਕੌਮੀ ਪੱਧਰ ਤੇ ਇਕ ਕਨਵੈਨਸ਼ਨ ਜਿਹੜੀ 'ਪੰਜਾਬ ਵਿੱਚ ਦਮਨ ਵਿਰੋਧੀ' ਕਮੇਟੀ ਵਲੋਂ ਬੁਲਾਈ ਗਈ, ਇਕ ਹੋਰ ਕਦਮ ਹੈ। ਇਹਨਾਂ ਕਨਵੈਨਸ਼ਨਾਂ ਵਿਚ ਜਿਹੜੀ ਸੋਚ ਰੇਜ਼ੂਲੇਸ਼ਨਾਂ ਦੀ ਸ਼ਕਲ ਵਿਚੋਂ ਬਾਹਰ ਆਈ ਉਹ ਹੇਠ ਲਿਖੀਆਂ ਧਾਰਨਾਵਾਂ ਨੂੰ ਬੁਨਿਯਾਦ ਬਣਾਂਦੀ ਹੈ—

- ਧਾਰਮਕ ਮਾਮਲਿਆਂ ਵਿਚ ਸਰਕਾਰ ਦੀ ਦਖਲ ਅੰਦਾਜ਼ੀ ਇਕ ਨਿਖੇਧਾਤਮਕ ਕਾਰਵਾਈ ਹੈ। ਹਰਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਦਾ ਸਾਰਾ ਪ੍ਰਬੰਧ ਇਕ ਦਮ ਚੁਣੀ ਹੋਈ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਿਖ ਜਨਤਾ ਦਾ ਫ਼ਰਜ਼ ਹੈ ਕਿ ਉਹ ਇਸ ਗੱਲ ਦੀ ਪਹਿਰੇਦਾਰੀ ਕਰੇ ਕਿ ਇਹ ਧਰਮ ਅਸਥਾਨ ਹਥਿਆਰਾਂ ਨੂੰ ਇਕੱਠੇ ਕਰਨ ਜਾਂ ਸਮਾਜ ਦੁਸ਼ਮਨ ਲੋਕਾਂ ਲਈ ਪਨਾਹ ਦੀਆਂ ਥਾਵਾਂ ਨਾਂ ਬਣਨ।
- ਪੰਜਾਬ ਵਿਚੋਂ ਫੌਜ ਫੌਰਨ ਵਾਪਸ ਬੁਲਾਕੇ ਪੰਜਾਬ ਨੂੰ ਸਹੀ ਅਤੇ ਅਸਰਦਾਇਕ ਗ਼ੈਰ ਫੌਜੀ ਪ੍ਰਬੰਧ ਥਲੇ ਲਿਆਂਦਾ ਜਾਏ ਜੋ ਇਕ ਪਾਸੇ ਲੋਕਾਂ ਦੇ ਜਾਨੋਮਾਲ ਦੀ ਰੱਖਿਆ ਦੀ ਗਰੰਟੀ ਕਰੇ ਤੇ ਦੂਜੇ ਪਾਸੇ ਹਰ ਕਿਸਮ ਦੇ ਨਾਜ਼ਾਇਜ਼ ਦਮਨ ਨੂੰ ਫੌਰਨ ਬੰਦ ਕਰੇ।
- ਕਾਲੇ ਕਾਨੂੰਨਾਂ ਅਤੇ ਪ੍ਰੈਸ ਦੀਆਂ ਸੈਂਸਰ ਵਰਗੀ ਕਾਰਵਾਈਆਂ ਨਾਲ ਲੋਕ ਰਾਇ ਦਾ ਮੂੰਹ ਬੰਦ ਕਰਨ ਦੀ ਥਾਂ, ਸਗੋਂ ਐਸੀਆਂ ਸੰਸਥਾਵਾਂ ਕਾਇਮ ਕੀਤੀਆਂ ਜਾਣ, ਜਿਨ੍ਹਾਂ ਰਾਹੀਂ ਸਾਧਾਰਨ ਲੋਕ ਆਪਣੀਆਂ ਤਕਲੀਫਾਂ ਉੱਚ ਅਧਿਕਾਰੀਆਂ ਤਕ ਪੁਚਾ ਸਕਣ ਅਤੇ ਸਰਕਾਰੀ ਕਰਮਚਾਰੀਆਂ ਵਲੋਂ ਭ੍ਰਿਸ਼ਟਾਚਾਰੀ ਅਤੇ ਬਦਲਾ ਲਊ ਕਾਰਵਾਈਆਂ ਤੋਂ ਆਪਣੇ ਆਪ ਨੂੰ ਬਚਾ ਸਕਣ।

---

ਇਸ ਅੰਕ ਵਿਚ—
ਫਿਰਕਾਪ੍ਰਸਤੀ ਬਾਰੇ ਇਕ ਰਾਏ : ਕਰਿਤ ਵਿਚਾਰ ਮੰਚ ਚੰਡੀਗੜ੍ਹ
ਪੰਜਾਬ ਦੇ ਸੰਕਟ ਬਾਰੇ ਇਕ ਬਲਿਊ ਪ੍ਰਿੰਟ/ਖੁਸ਼ਵੰਤ ਸਿੰਘ
ਪੰਜਾਬ ਸੰਕਟ ਦਾ ਵਿਸ਼ਲੇਸ਼ਣ : ਮਾਰਕਸੀ ਵਿਚਾਰ ਮੰਚ ਪਟਿਆਲਾ
ਪੰਜਾਬ ਅੰਦਰ ਅਕਾਲੀ ਐਜੀਟੇਸ਼ਨ ਬਾਰੇ ਰੀਵਿਊ ਰੀਪੋਰਟ/ਹਰਬੰਸ
ਪੰਜਾਬ ਅੰਦਰ ਫ਼ੌਜੀ ਕਾਰਵਾਈ ਬਾਰੇ/ਗੁਰਦੇਵ ਸਿੰਘ ਤੇ ਸਾਥੀ
ਪੰਜਾਬ ਬਾਰੇ ਇਕ ਦਸਤਾਵੇਜ਼ : ਨਾਗੀ ਰੈਡੀ ਗਰੁੱਪ ਦੇ ਇਕ ਦਸਤਾਵੇਜ਼ ਵਿਚੋਂ
ਪੰਜਾਬ ਨਾਲ ਧੱਕਾ ਤੇ ਕੁਝ ਟਿੱਪਣੀਆਂ/ਗੁਰਸ਼ਰਨ ਸਿੰਘ ਸੇਖੋਂ

- ਫੌਜੀ ਕਾਰਵਾਈ ਤੋਂ ਪਹਿਲੇ ਤੇ ਫੌਜੀ ਕਾਰਵਾਈ ਤੋਂ ਬਾਅਦ ਸਾਧਾਰਨ ਲੋਕਾਂ ਦੇ ਹੋਏ ਸਾਰੇ ਨੁਕਸਾਨ ਨੂੰ ਮੁਆਵਜ਼ਾ ਦੇ ਕੇ ਪੂਰਾ ਕੀਤਾ ਜਾਏ।
- ਹਰਮੰਦਰ ਸਾਹਿਬ ਉਤੇ ਹੋਈ ਫੌਜੀ ਕਾਰਵਾਈ ਦੇ ਫਲਸਰੂਪ ਜੋ ਬਾਗ਼ੀ ਫੌਜੀਆਂ ਦੀ ਮਾਨਸਕ ਅਵਸਥਾ ਹੋਈ, ਉਸਨੂੰ ਕੁਦਰਤੀ ਪ੍ਰਤੀਕਰਮ ਸਮਝਦੇ ਹੋਏ, ਇਹਨਾਂ ਨਾਲ ਹਮਦਰਦੀ ਭਰਿਆ ਸਲੂਕ ਕੀਤਾ ਜਾਏ ਤੇ ਕਥਿਤ 'ਭਗੌੜਿਆਂ' ਨੂੰ ਵਾਪਸ ਸਰਵਿਸ ਵਿਚ ਬਹਾਲ ਕੀਤਾ ਜਾਏ।
- ਜਿਨ੍ਹਾਂ ਕੈਦੀਆਂ ਦੇ ਖ਼ਿਲਾਫ਼ ਕੋਈ ਮੁਜਰਮਾਨਾ ਕੇਸ ਨਹੀਂ ਤੇ ਉਹ ਸਿਰਫ਼ ਸਿਆਸੀ ਵਿਚਾਰਾਂ ਕਰਕੇ ਪਕੜੇ ਹੋਏ ਹਨ, ਉਹਨਾਂ ਨੂੰ ਫੌਰਨ ਰਿਹਾ ਕੀਤਾ ਜਾਏ।
- ਪੰਜਾਬ ਅਤੇ ਹਿੰਦੋਸਤਾਨ ਸਾਰੇ ਫਿਰਕਿਆਂ ਦਾ ਸਾਂਝਾ ਹੈ। ਸਿਖਾਂ ਦਾ ਹੱਕ ਹੈ ਕਿ ਉਹ ਹਿੰਦੋਸਤਾਨ ਵਿਚ ਸਤਿਕਾਰ ਨਾਲ ਜੀਣ ਤੇ ਇਸੇ ਤਰ੍ਹਾਂ ਬਾਕੀ ਫਿਰਕਿਆਂ ਦਾ ਹੱਕ ਹੈ ਕਿ ਪੰਜਾਬ ਵਿਚ ਬਗ਼ੈਰ ਕਿਸੇ ਡਰ ਜਾਂ ਦਹਿਸ਼ਤ ਦੇ ਜੀਣ। ਇਸ ਕਰਕੇ ਹਰ ਕਿਸਮ ਦੀ ਵੱਖਵਾਦੀ ਲਹਿਰ ਜੋ ਕਿਸੇ ਵੀ ਫਿਰਕੇ ਦੇ ਧਾਰਮਕ ਜਨੂੰਨੀਆਂ ਵਲੋਂ ਉਠਾਈ ਜਾਂਦੀ ਹੈ, ਉਹਦਾ ਸਖ਼ਤੀ ਨਾਲ ਮੁਕਾਬਲਾ ਕੀਤਾ ਜਾਏ।
- ਇਹਨਾਂ ਮੰਗਾਂ ਦੇ ਦੁਆਲੇ ਵਿਸ਼ਾਲ ਪੱਧਰ ਤੇ ਲੋਕ ਰਾਏ ਲਾਮਬੰਦ ਕੀਤੀ ਜਾਏ, ਜਿਸ ਦੇ ਵਿਚ ਬੈਠਕ ਮੀਟਿੰਗਾਂ, ਕਨਵੈਨਸ਼ਨਾਂ ਤੇ ਰੈਲੀਆਂ ਸ਼ਾਮਲ ਹੋਣ।

ਜਲੰਧਰ ਅਤੇ ਦਿੱਲੀ ਕਨਵੈਨਸ਼ਨਾਂ ਵਿਚ ਇਹ ਗੱਲ ਵੀ ਮਹਿਸੂਸ ਕੀਤੀ ਗਈ ਕਿ ਹਾਕਮ ਜਮਾਤਾਂ ਨੇ ਜਿਨ੍ਹਾਂ ਦੀ ਪ੍ਰਤੀਨਿੱਧਤਾ ਇਸ ਵੇਲੇ ਮੁੱਖ ਤੌਰ ਤੇ ਇੰਦਰਾ ਗਾਂਧੀ ਤੇ ਉਹਦੀ ਪਾਰਟੀ ਕਰ ਰਹੀ ਹੈ, ਇਹ ਯਤਨ ਕਰਨਾ ਹੀ ਹੈ ਕਿ ਉਹ ਲੋਕਾਂ ਵਿਚ ਫੁੱਟ ਪਾਏ ਅਤੇ ਆਪਣਾ ਲੁੱਟ ਅਤੇ ਦਮਨ ਦਾ ਰਾਜ ਜਾਰੀ ਰੱਖੇ, ਪਰ ਇਹ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਇਸ ਚਾਲ ਨੂੰ ਸਫਲ ਨਾ ਹੋਣ ਦੇਣ। ਇਸ ਸਿਲਸਿਲੇ ਵਿਚ ਅਸੀਂ ਦਿਲੀ ਕਨਵੈਨਸ਼ਨ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ੍ਰ. ਰਾਜਿੰਦਰ ਸਿੰਘ ਧਾਲੀਵਾਲ ਦੇ ਬਿਆਨ ਦਾ ਸੁਆਗਤ ਕਰਦੇ ਹਾਂ। ਉਹਨਾਂ ਨੇ 500 ਦੇ ਕਰੀਬ ਹਾਜ਼ਰ ਡੈਲੀਗੇਟਾਂ ਦੇ ਦਰਮਿਆਨ, ਜਿਨ੍ਹਾਂ ਵਿਚ ਹਿੰਦੋਸਤਾਨ ਦੇ ਵੱਖ ਵੱਖ ਪ੍ਰਾਂਤਾਂ ਤੋਂ ਆਏ ਸਭ ਲੋਕ ਸ਼ਾਮਲ ਸਨ, ਇਹ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਅਕਾਲੀ ਦਲ ਜਿਸਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਹਨ, ਨੇ ਕਦੀ ਵੀ ਖ਼ਾਲਿਸਤਾਨ ਦੀ ਮੰਗ ਨੂੰ ਨਹੀਂ ਅਪਣਾਇਆ ਤੇ ਨਾਂ ਹੀ ਅਪਣਾਉਣਗੇ; ਉਹ ਭਾਰਤ ਵਿਚ ਆਪਣਾ ਸਤਿਕਾਰਯੋਗ ਹੱਕ ਲੈਣ ਦੇ ਪੱਖ ਵਿਚ ਹਨ। ਇਹ ਇੰਦਰਾ ਗਾਂਧੀ ਦੀ ਚਾਲ ਹੈ ਕਿ ਉਹ ਜਾਣ ਬੁੱਝਕੇ ਸਾਡੀਆਂ ਜਾਇਜ਼ ਮੰਗਾਂ ਜੋ ਸਮੁਚੇ ਪੰਜਾਬ ਦੀਆਂ ਮੰਗਾਂ ਹਨ, ਖ਼ਾਲਿਸਤਾਨ ਦੀ ਵੱਖਵਾਦੀ ਲਹਿਰ ਨਾਲ ਜੋੜਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਅਸੀਂ ਹਿੰਦੂ-ਸਿੱਖ ਏਕਤਾ ਦੇ ਸਮਰਥਕ ਹਾਂ ਤੇ ਹਮੇਸ਼ਾ ਰਹਾਂਗੇ।

ਪੰਜਾਬ ਦੀ ਨਵੀਂ ਫਿਜ਼ਾ ਬਨਾਉਣ ਲਈ ਅਦਾਰਾ ਸਮਤਾ ਵਲੋਂ ਵੀ ਕੁਝ ਸੁਝਾਅ ਹਨ।-ਅਪਣੀ ਮਾਨਸਿਕ ਅਵਸਥਾ ਨੂੰ ਬਦਲਣ ਲਈ ਸਾਨੂੰ ਹੇਠ ਲਿਖੀਆਂ ਗੱਲਾਂ ਦਾ ਅਹਿਸਾਸ ਹੋਣਾ ਚਾਹੀਦਾ ਹੈ।

**ਸਿਖ ਵੀਰਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ—**

- ਫੌਜੀ ਐਕਸ਼ਨ ਤੋਂ ਪਹਿਲੇ ਜੋ ਦਰਬਾਰ ਸਾਹਿਬ ਵਿਚ ਹੋ ਰਿਹਾ ਸੀ, ਉਹ ਉਸ ਥਾਂ ਦੀ ਪਵਿਤ੍ਰਤਾ ਦੇ ਅਨਕੂਲ ਨਹੀਂ ਸੀ।
- ਫੌਜੀ ਐਕਸ਼ਨ ਤੋਂ ਪਹਿਲੇ ਹਿੰਦੂਆਂ ਵਿਚ ਜੋ ਸਹਿਮ ਸੀ, ਉਹ ਬੇਬੁਨਿਯਾਦ ਨਹੀਂ ਸੀ। ਪਿਛਲੇ ਸਾਲ ਦਾ ਇਹੀ ਸਮਾਂ ਯਾਦ ਕਰੀਏ ਤਾਂ ਭੁਲਣਾ ਨਹੀਂ ਚਾਹੀਦਾ ਕਿ ਚੰਡੀਗੜ ਰਾਮ ਲੀਲਾ ਸਮਾਗਮ ਵਿਚ ਬੰਬ ਸੁਟਿਆ ਗਿਆ, ਜਿਸ ਨਾਲ ਵਡੀ ਗਿਣਤੀ ਵਿਚ ਜਾਂਨੀ ਨੁਕਸਾਨ ਹੋਇਆ। ਸਾਧਾਰਨ ਬੇਗੁਨਾਹ ਲੋਕ ਮਾਰੇ ਗਏ। ਰੋਸ ਵਲੋਂ ਦੁਸਹਿਰੇ ਦਾ ਤਿਉਹਾਰ ਨਹੀਂ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖ਼ਾਲਸਾ ਨਿਵਾਸ, ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ।
ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪੈ

ਮਨਾਇਆ ਗਿਆ। ਤਿਉਹਾਰ ਸਿਰਫ਼ ਧਾਰਮਕ ਨਹੀਂ ਹੁੰਦੇ। ਇਹਨਾਂ ਵਿਚ ਸਾਧਾਰਨ ਲੋਕਾਂ ਦੀ ਉਦਾਸ ਜ਼ਿਦਗੀ ਵਿਚ ਖ਼ੁਸ਼ੀ ਦੀ ਇਕ ਚਿਣਗ ਹੁੰਦੀ ਹੈ, ਦੀਵਾਲੀ ਦਾ ਵੀ ਇਹੀ ਹਾਲ ਸੀ।

- ਅਪ੍ਰੈਲ-ਮਈ ਮਹੀਨੇ ਬਿਨਾਂ ਨਾਗਾ ਹਿੰਦੂਆਂ ਦੇ ਕਤਲ ਹੋ ਰਹੇ ਸਨ। ਕੋਈ ਵੀ ਦਿਨ ਐਸਾ ਨਹੀਂ ਲੰਘਦਾ ਸੀ, ਜਦੋਂ ਕੋਈ ਨਾ ਕੋਈ ਵਾਰਦਾਤ ਨਾਂ ਹੁੰਦੀ।
- ਪੰਜਾਬ ਵਿਚ ਲੁੱਟ ਖੋਹ ਦਾ ਵਾਤਾਵਰਨ ਬਣ ਚੁਕਿਆ ਸੀ, ਬੈਂਕ ਲੁੱਟੇ ਜਾ ਰਹੇ ਸਨ, ਸਕੂਟਰ ਕਾਰਾਂ ਜ਼ਬਰਦਸਤੀ ਖੋਹੀਆਂ ਜਾ ਰਹੀਆਂ ਸਨ। ਸਾਧਾਰਨ ਲੋਕ ਬਾਹਰ ਨਿਕਲਣ ਤੋਂ ਡਰਨ ਲਗ ਪਏ ਸਨ।
- ਭਿੰਡਰਾਂਵਾਲਾ ਟੋਲੇ ਦੇ ਬੰਦੇ ਹਰ ਉਹ ਬੰਦੇ ਨੂੰ ਜੋ ਸਿਆਸੀ ਤੌਰ ਤੇ ਉਹਦੇ ਨਾਲ ਸਹਿਮਤ ਨਹੀਂ ਸੀ, ਖੁਲ੍ਹੇ ਆਮ ਧਮਕੀਆਂ ਦੇਂਦੇ ਸਨ ਅਤੇ ਵਾਸਤਵ ਵਿਚ ਜਾਨੋਂ ਵੀ ਮਾਰਦੇ ਸਨ।
- ਗੋਲੀ ਚਲਦੀ ਰਹੇਗੀ, ਦੁਸ਼ਟ ਸੋਧੇ ਜਾਣਗੇ, ਇਹ ਨਾਅਰਾ ਹਰ ਵੇਲੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਸੁਣਿਆ ਜਾਦਾ ਸੀ। ਦੁਸ਼ਟ ਕੌਣ ਹੈ ? ਇਹਦਾ ਫੈਸਲਾ ਅਰਧ ਦਿਮਾਗੀ ਜਨੂੰਨੀਆਂ ਦੇ ਹੱਥ ਦੇ ਦਿੱਤਾ ਗਿਆ ਸੀ, ਜਿਨ੍ਹਾਂ ਦੀ ਜਾਚੇ ਕੋਈ ਬਰਫ਼ ਵੇਚਣ ਵਾਲ ਬਿਹਾਰੀ ਲਾਲ ਵੀ ਦੁਸ਼ਟ ਸੀ ਅਤੇ ਐਡੀਟਰ ਪ੍ਰੀਤ ਲੜੀ ਸੁਮੀਤ ਸਿੰਘ ਵੀ ਦੁਸ਼ਟ ਸੀ।
- ਸੂਰਮਾਗਤੀ ਨਾਲ ਮਰਨਾ ਜਾਂ ਮੂਰਖਤਾ ਨਾਲ ਮੌਤ ਸਹੇੜਨੀ ਦੋਨੋਂ ਇਕੋ ਅਮਲ ਨਹੀਂ। ਪਹਿਲੀ ਹਾਲਤ ਵਿਚ ਬੰਦਾ ਸ਼ਹੀਦ ਦੀ ਪਦਵੀ ਪਾਂਦਾ ਹੈ। ਦੂਜੀ ਹਾਲਤ ਵਿਚ ਸਿਰਫ ਮਰਦਾ ਹੈ। ਭਿੰਡਰਾਂ ਵਾਲਾ ਜਾਂ ਜਨਰਲ ਸ਼ਬੇਗ ਸਿੰਘ ਦਾ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਮੋਰਚੇ ਲਗਾ ਕੇ ਹਿੰਦੋਸਤਾਨ ਦੀ ਫ਼ੌਜ ਦਾ ਮੁਕਾਬਲਾ ਕਰਨਾ ਮੂਰਖਤਾ ਤੋਂ ਸਿਵਾ ਕੁਝ ਨਹੀਂ ਸੀ।
- ਜਿਨ੍ਹਾਂ ਲੋਕਾਂ ਕੋਲ ਧਰਮ ਯੁੱਧ ਦੀ ਲੀਡਰਸ਼ਿਪ ਸੀ, ਉਹ ਇੰਦਰਾ ਗਾਂਧੀ ਦੀ ਕਿਸੇ ਵੀ ਸ਼ਤਰੰਜੀ ਚਾਲ ਨੂੰ ਠੀਕ ਤਰ੍ਹਾਂ ਨਹੀਂ ਸਮਝ ਸਕੇ। ਅਗੇ ਲਈ ਜੇ ਇਸ ਦਾ ਧਿਆਨ ਨਾ ਰਖਿਆ ਗਿਆ ਤੇ ਭੜਕਾਹਟ ਵਿਚ ਆ ਕੇ ਕੁਝ ਗ਼ਲਤ ਕਦਮ ਚੁਕਿਆ ਗਿਆ ਤਾਂ ਨੁਕਸਾਨ ਹੋਰ ਵੀ ਹੋ ਸਕਦਾ ਹੈ।
- ਸਿੱਖ ਪਰਸਨਲ ਲਾਅ ਆਦਿਕ ਦੀ ਮੰਗ ਇਤਿਹਾਸ ਦਾ ਪਹੀਆ ਪੁੱਠਾ ਚਲਾਉਣ ਦੇ ਬਰਾਬਰ ਹੈ। ਸਾਡਾ ਦਾਅਵਾ ਹੈ ਕਿ ਸਾਡਾ ਬਾਬਾ ਨਾਨਕ ਇਸਤਰੀ ਦੇ ਹੱਕਾਂ ਲਈ ਆਵਾਜ਼ਾਂ ਉਠਾਉਣ ਵਾਲਾ ਇਕ ਰਹਿਬਰ ਸੀ। ਹੁਣ ਦੇ ਭਾਰਤ ਦੇ ਸੰਵੀਧਾਨ ਵਿਚ ਕੁਝ ਕੁ ਚੰਗੀਆਂ ਧਾਰਾਵਾਂ ਵਿਚੋਂ ਇਕ ਹਿੰਦੂ ਕੋਡ ਬਿਲ ਹੈ, ਜੋ ਔਰਤਾਂ ਨੂੰ ਬਰਾਬਰੀ ਦਾ ਹੱਕ ਦੇਂਦਾ ਹੈ। ਇਸ ਬਿਲ ਦੀ ਵਿਰੋਧਤਾ ਕਰਦੇ ਹੋਏ ਸਿਖ ਪਰਸਨਲ ਲਾਅ ਦੀ ਮੰਗ ਕਰਨਾ ਹਰ ਹਾਲਤ ਵਿਚ ਗ਼ਲਤ ਹੋਏਗਾ।
- ਹਿੰਦੂ ਪੰਜਾਬ ਵਿਚ ਉਨਾ ਹੀ ਹੱਕ ਰਖਦੇ ਹਨ, ਜਿੰਨਾ ਸਿੱਖ। ਜੇ ਸਿਖ ਪੀੜੀਆਂ-ਦਰ-ਪੀੜੀਆਂ ਇਥੇ ਰਹਿ ਰਹੇ ਹਨ ਤਾਂ ਹਿੰਦੂ ਵੀ ਇਸ ਤੋਂ ਪਹਿਲਾਂ ਦੇ ਇਥੇ ਰਹਿ ਰਹੇ ਹਨ। ਇਹ ਭੁਲ ਜਾਣਾ ਚਾਹੀਦਾ ਹੈ ਕਿ, ਕਿਸੇ ਘਲੂਘਾਰੇ ਬਗ਼ੈਰ ਕਿਸੇ ਇਕ ਫਿਰਕੇ ਨੂੰ ਪੰਜਾਬ ਵਿਚੋਂ ਕਢਿਆ ਜਾ ਸਕਦਾ ਹੈ। ਇਸ ਘਲੂਘਾਰੇ ਦੀ ਕੀਮਤ ਕਿਸੇ ਇਕ ਫ਼ਿਰਕੇ ਨੂੰ ਨਹੀਂ, ਸਾਰਿਆਂ ਨੂੰ ਦੇਣੀ ਪੈਂਦੀ ਹੈ। ਇਹ ਭੁਲਣਾ ਨਹੀਂ ਚਾਹੀਦਾ ਕਿ ਸਿਖ ਫਿਰਕੇ ਦੇ 30 ਫੀ ਸਦੀ ਲੋਕ ਪੰਜਾਬ ਤੋਂ ਬਾਹਰ ਰਹਿੰਦੇ ਹਨ ਅਤੇ ਉਹ ਸਾਰੇ ਲੋਕ ਸਾਧਾਰਨ ਲੋਕ ਨਹੀਂ, ਸਗੋਂ ਬਹੁਤ ਵਡੀਆਂ ਜਾਇਦਾਦਾਂ ਅਤੇ ਕਾਰਖਾਨਿਆਂ ਦੇ ਮਾਲਕ ਹਨ। ਲੱਖਾਂ ਕ੍ਰੋੜਾਂ ਦਾ ਉਹਨਾਂ ਦਾ ਵਪਾਰ ਹੈ, ਇਸ ਲਈ ਖਾਲਿਸਤਾਨ ਦੀ ਮੰਗ ਦੀ ਵਿੰਗੇ ਜਾਂ ਸਿੱਧੇ ਤਰੀਕੇ ਨਾਲ ਥੋੜ੍ਹੀ ਵੀ ਹਮਾਇਤ ਬੇਸਮਝੀ ਤੋਂ ਸਿਵਾ ਕੁਝ ਨਹੀਂ।
- ਪੰਜਾਬ ਦੀ ਆਰਥਕਤਾ ਡੂੰਘਾ ਅਧਿਐਨ ਮੰਗਦੀ ਹੈ। ਸਮੁੱਚੇ ਹਿੰਦੁਸਤਾਨ ਦੀ ਆਰਥਕਤਾ ਵਿਚ ਇਸ ਦੀ ਵਿਸ਼ੇਸ਼ ਥਾਂ ਹੈ। ਸਿਆਣੇ ਲੋਕ ਪੰਜਾਬ ਦੀ ਆਰਥਕਤਾ ਨੂੰ ਉਤੇ ਚੁਕਣ ਵਾਸਤੇ ਅਤੇ ਆਪਣੇ ਲੋਕਾਂ ਦੀ ਖੁਸ਼ਹਾਲੀ ਵਾਸਤੇ ਬਕਾਇਦਾ ਸੁਝਾਅ ਰਖਦੇ ਹਨ। ਉਹਨਾਂ ਵਲ ਧਿਆਨ ਦੇਣਾ ਚਾਹੀਦਾ ਹੈ। ਬਹੁਤਾ ਪਾਣੀ, ਬਿਜਲੀ ਤੇ ਹੋਰ ਕਾਰਖਾਨੇ ਲੈਣ ਲਈ ਖਾਹਮਖਾਹ ਹਰਿਆਣਾ, ਰਾਜਿਸਥਾਨ ਦੇ ਲੋਕਾਂ ਨਾਲ ਖਹਿਬੜਣ ਦੀ ਲੋੜ ਨਹੀਂ, ਕੁਝ ਲੈ ਕੇ ਕੁਝ ਦੇ ਕੇ ਸਭ ਫੈਸਲੇ ਹੋ ਸਕਦੇ ਹਨ। ਲੋੜ ਹੈ ਕਿ ਸਾਡੇ ਕੋਲ ਜਿਹੜੇ ਕੁਦਰਤੀ ਖਜ਼ਾਨੇ ਹਨ, ਉਹਨਾਂ ਨੂੰ ਵਿਕਾਸ ਦੀਆਂ ਲੀਹਾਂ ਤੇ ਪਾਇਆ ਜਾਏ। ਸਾਰੇ ਸਿੱਸਟਮ ਦਾ ਅਧਿਐਨ ਕੀਤਾ ਜਾਏ, ਜਿਸਦੀ ਬੁਨਿਆਦ 'ਇਕ ਬਸਤੀਵਾਦੀ ਆਰਥਕਤਾ 'ਤੇ ਖੜੀ ਹੈ ਉਸਨੂੰ ਖਤਮ ਕਰਨ ਦਾ ਉਪਰਾਲਾ

ਕੀਤਾ ਜਾਏ। ਪੰਜਾਬ ਦੀ ਆਰਥਕਤਾ ਨੂੰ ਸਿੱਖ ਆਰਥਕਤਾ ਦੀ ਤੰਗ ਨਜ਼ਰੀ ਨਾਲ ਵੇਖਿਆ ਜਾਏ ਤੇ ਨਾਂ ਹੀ ਇਹੋ ਜਹੀ ਕੋਈ ਸ਼ਬਦਾਵਲੀ ਵਰਤੀ ਜਾਏ, ਜਿਹੜੀ ਪੰਜਾਬ ਦੀਆਂ ਮੰਗਾਂ ਨੂੰ ਸਿੱਖਾਂ ਦੀਆਂ ਮੰਗਾਂ ਦਾ ਭੁਲੇਖਾ ਦੇਵੇ।

### ਹਿੰਦੂ ਵੀਰਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ–

- ਸਿੱਖ ਭਾਵੇਂ ਸਾਰੀ ਦੁਨੀਆਂ ਵਿਚ ਜਾ ਵਸੇ ਹਨ, ਹਿੰਦੋਸਤਾਨ ਵਿਚ ਵੀ ਪੰਜਾਬ ਦੇ ਬਾਹਰ ਉਹਨਾਂ ਦੀ ਬੜੀ ਸੰਪਤੀ ਹੈ, ਪਰ ਪੰਜਾਬ ਤੇ ਇਕੱਲਾ ਪੰਜਾਬ ਹੀ ਉਹ ਥਾਂ ਹੈ, ਜਿਸਨੂੰ ਉਹ ਅਪਣਾ ਸਮਝਦੇ ਹਨ। ਇਸ ਲਈ ਜੇ ਉਹ ਪੰਜਾਬ ਦੇ ਹਿੱਤ ਦੀ ਸਭ ਤੋਂ ਵੱਧ ਗੱਲ ਕਰਦੇ ਹਨ ਤੇ ਇਹ ਕੋਈ ਗੈਰ ਕੁਦਰਤੀ ਨਹੀਂ ਹੈ। ਪੰਜਾਬ ਦੇ ਹਿੱਤ ਦੀ ਗੱਲ ਕਰਨ ਨੂੰ ਜਾਂ ਪੰਜਾਬ ਨੂੰ ਅਪਣੀਆਂ ਮੰਗਾਂ ਵਿਚ ਪਹਿਲੀ ਥਾਂ ਦੇਣ ਨੂੰ 'ਵੱਖਵਾਦ' ਦਾ ਨਾਂ ਦੇਣਾ ਸਿਆਸੀ ਬੇਸਮਝੀ ਹੈ।
- ਸਮਾਂ ਆਏਗਾ (ਇਹ ਸਾਇੰਸ ਦੇ ਯੁੱਗ ਦੀ ਮੰਗ ਹੈ) ਜਦੋਂ ਲੋਕ ਮਨੁੱਖਤਾ ਦੇ ਉਚੇਰੇ ਆਦਰਸ਼ਾਂ ਦੀ ਸ਼ਬਦਾਵਲੀ ਵਿਚ ਗੱਲ ਕਰਨਗੇ ਤੇ ਧਰਮਾਂ ਦੀ ਸ਼ਬਦਾਵਲੀ ਨੂੰ ਛੱਡ ਦੇਣਗੇ। ਪਰ ਜਦੋਂ ਤਕ ਧਰਮਾਂ ਦੀ ਸ਼ਬਦਾਵਲੀ ਵਿਚ ਗੱਲ ਹੁੰਦੀ ਹੈ, ਉਸ ਵੇਲੇ ਤਕ ਸਿਖ, ਮੁਸਲਮਾਨ, ਹਿੰਦੂ ਇਸਾਈ ਬੋਧੀ, ਜੈਨੀ ਵੱਖ ਵੱਖ ਧਰਮਾਂ ਦੇ ਗਿਣੇ ਜਾਣਗੇ। ਇਸ ਲਈ ਹਿੰਦੂਆਂ ਦਾ ਕਹਿਣਾ ਹੈ ਕਿ ਸਿੱਖ ਸਾਡੇ ਵਿਚੋਂ ਹੀ ਹਨ, ਇਕ ਫਜ਼ੂਲ ਜਹੀ ਗੱਲ ਹੈ, ਜੋ ਖਾਹਮਖਾਹ ਗ਼ਲਤ ਪ੍ਰਤੀਕਰਮ ਪੈਦਾ ਕਰਦੀ ਹੈ। ਇਸ ਦੀ ਥਾਂ ਸਾਂਝੇ ਸਭਿਆਚਾਰ ਦੀ ਗੱਲ ਕਰਨੀ ਬਹੁਤੀ ਜ਼ਰੂਰੀ ਹੈ ਤੇ ਇਸ ਸਾਂਝੇ ਸਭਿਆਚਾਰ ਵਿਚੋਂ ਮੁਸਲਮਾਨ ਵੀ ਬਾਹਰ ਨਹੀਂ।
- ਦਰਬਾਰ ਸਾਹਿਬ ਵਿਚ ਭਿੰਡਰਾਵਾਲਾ ਜਦੋਂ ਡੇਰੇ ਲਗਾਈ ਬੈਠਾ ਸੀ ਤਾਂ ਇਹ ਗੱਲ ਗ਼ਲਤ ਹੈ ਕਿ ਸਾਰੇ ਸਿੱਖ ਭਿੰਡਰਵਾਲੇ ਨੂੰ ਮੰਨਣ ਵਾਲੇ ਸਨ। ਲੱਖਾਂ ਦੀ ਗਿਣਤੀ ਵਿਚ ਖੁਦ ਸਿਖਾਂ ਵਲੋਂ ਭਿੰਡਰਾਵਾਲਾ ਦੇ ਵਿਰੁਧ ਵਿਖਾਵੇ ਕੀਤੇ ਗਏ, ਰੈਲੀਆਂ ਕੀਤੀਆਂ ਗਈਆਂ। ਇਹ ਸਿਰਫ਼ ਇਸ ਲਈ ਕੀਤੇ ਗਏ ਕਿਉਂਕਿ ਉਹ ਭਿੰਡਰਾਂਵਾਲਾ ਦੀ ਹਿੰਦੂਆਂ ਜਾਂ ਨਿਰੰਕਾਰੀਆਂ ਵਿਰੁਧ ਧਾਰਨਾਵਾਂ ਨਾਲ ਸਹਿਮਤ ਨਹੀਂ ਸਨ। ਫੌਜੀ ਕਾਰਵਾਈ ਤੋਂ ਪਹਿਲਾਂ ਸੂਝਵਾਨ ਸਿੱਖਾਂ ਦਾ ਫਰਜ਼ ਸੀ ਕਿ ਉਹ ਚੜਤ ਵਿਚ ਆਏ ਸਿੱਖ ਜਨੂੰਨੀਆਂ ਵਿਰੁਧ ਬੋਲਣ। ਇਸੇ ਤਰ੍ਹਾਂ ਹੁਣ ਹਿੰਦੂ ਸੂਝਵਾਨਾਂ ਦਾ ਫਰਜ਼ ਹੈ ਕਿ ਉਹ ਅਗੇ ਆਉਣ ਤੇ ਹਿੰਦੂ ਜਨੂੰਨੀਆਂ ਨੂੰ ਨੱਥ ਪਾਉਣ। ਫੌਜ ਦੀ ਵਾਪਸੀ ਦੀ ਮੰਗ ਹੁਣ ਹਿੰਦੂ ਫਿਰਕੇ ਵਲੋਂ ਆਉਣੀ ਚਾਹੀਦੀ ਹੈ। ਉਹਨਾਂ ਦਾ ਡਰ ਇਹ ਬੇਬੁਨਿਯਾਦ ਹੈ ਕਿ ਫੌਜ ਦੀ ਵਾਪਸੀ ਤੋਂ ਬਾਅਦ ਉਹਨਾਂ ਦੇ ਜਾਨੋਮਾਲ ਨੂੰ ਖਤਰਾ ਹੈ, ਠੀਕ ਨਹੀਂ। ਪੰਜਾਬ ਸਰਹੱਦ ਦਾ ਸੂਬਾ ਹੈ। ਉਂਝ ਵੀ ਫ਼ੌਜ ਛਾਉਣੀਆਂ ਵਿਚ ਇਥੇ ਵਡੀ ਗਿਣਤੀ ਵਿਚ ਹਮੇਸ਼ ਮੌਜੂਦ ਰਹਿੰਦੀ ਹੈ, ਹੁਣ ਵੀ ਰਹੇਗੀ। ਇਹ ਮੰਗ ਨਾ ਕਰਕੇ ਉਹ ਪੰਜਾਬ ਦੀ ਮੁੱਖ ਧਾਰੇ ਵਿਚ ਆਪਣੇ ਆਪ ਨੂੰ ਸ਼ਾਮਿਲ ਕਰਨ ਦਾ ਮੌਕਾ ਕਿਉਂ ਗਵਾਂਦੇ ਹਨ ?
- ਬੋਲੀ ਤੇ ਅਧਾਰਤ ਬਣਨ ਵਾਲੇ ਸੂਬਿਆਂ ਵਿਚੋਂ 'ਪੰਜਾਬੀ ਸੂਬਾ' ਸਾਰਿਆਂ ਨਾਲੋਂ ਪਛੜ ਕੇ ਬਣਨ ਵਾਲਿਆਂ ਵਿਚੋਂ ਸੀ ਅਤੇ ਜਦੋਂ ਇਹ ਬਣਿਆ ਬਹੁਤੇ ਪੰਜਾਬੀ ਬੋਲਦੇ ਇਲਾਕੇ ਇਸਤੋਂ ਬਾਹਰ ਰਹਿ ਗਏ। ਜੇਕਰ ਹਿੰਦੂ ਵੀਰ ਪੰਜਾਬੀ ਬੋਲੀ ਵਲ ਆਪਣੀ ਜ਼ਿਮੇਵਾਰੀ ਨਿਭਾਉਂਦੇ ਤਾਂ ਇਸ ਸੂਬੇ ਦੀ ਹੱਦਾਂ ਤਰੱਕਸ਼ੀਲ ਨੀਹਾਂ ਤੇ ਹੁੰਦੀਆਂ ਤੇ ਚੰਡੀਗੜ੍ਹ ਦਾ ਮੱਸਲਾ ਵੀ ਦਰਪੇਸ਼ ਨਾਂ ਹੁੰਦਾ।

### ਦੋਨੋਂ ਫਿਰਕਿਆਂ ਦੇ ਸਾਧਾਰਨ ਬੰਦਿਆਂ ਦੇ ਸੋਚਣ ਲਈ :

- ਸਮੁੱਚੇ ਹਿੰਦੋਸਤਾਨ ਦਾ, ਜਿਸ ਵਿਚ ਪੰਜਾਬ ਵੀ ਸ਼ਾਮਲ ਹੈ, ਸਾਰਾ ਪ੍ਰਬੰਧ ਬੜੇ ਨਾਕਸ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਇਹ ਪੈਸਾ ਪ੍ਰਧਾਨ ਨਿਜ਼ਾਮ ਹੈ, ਜਿਸ ਵਿਚ ਮੇਹਨਤਕਰਨ ਵਾਲਾ ਬੰਦੇ ਦੀ ਵਡੇ ਪੈਮਾਨੇ ਵਿਚ ਦੁਰਗੱਤੀ ਹੈ। ਮਾਲਕਾਂ ਅਤੇ ਮਜ਼ਦੂਰਾਂ ਦੇ ਹਿੱਤ ਰਵਾਇਤੀ ਤੌਰ ਤੇ ਉੱਲਟ ਹਨ। ਇਸ ਅਮਲ ਵਿਚ ਮਾਲਕ ਜਾਂ ਮਜ਼ਦੂਰ ਦੇ ਧਰਮ ਦਾ ਕੋਈ ਫਰਕ ਨਹੀਂ ਪੈਂਦਾ। ਜੇ ਮੇਹਨਤਕਸ਼ ਜਮਾਤ ਚਾਹੁੰਦੀ ਹੈ ਕਿ ਇਥੇ 'ਕ੍ਰਿਤਪ੍ਰਧਾਨ' ਰਾਜ ਹੋਵੇ ਤਾਂ ਉਸ ਨੂੰ ਧਰਮਾਂ ਦੀ ਸਿਆਸਤ ਤੋਂ ਉਠ ਕੇ ਜਮਾਤਾਂ ਦੀ ਸਿਆਸਤ ਅਪਨਾਉਣੀ ਪਵੇਗੀ।
- ਸਾਧਾਰਨ ਬੰਦਾ ਅਪਣੇ ਬਾਲ ਬੱਚਿਆਂ ਵਿਚ ਸੁੱਖੀ ਸਾਂਦੀ ਵੱਸਣਾ ਚਾਹੁੰਦਾ ਹੈ। ਉਹ ਨਹੀਂ ਚਾਹੁੰਦਾ ਕਿ ਹਰ ਵੇਲੇ ਖਿਚਾਅ ਬਣਿਆ ਰਹੇ, ਕਰਫਿਊ ਲਗੇ ਰਹਿਣ, ਇਕ ਦੂਜੇ ਦੇ ਵਿਰੁੱਧ ਨਫਰਤ ਦਾ ਵਾਤਾਵਰਨ ਬਣਿਆ ਰਹੇ, ਵਾਤਵਰਨ ਨੂੰ ਸੁਖਾਵਾਂ ਬਨਾਉਣ ਲਈ ਸਾਧਾਰਨ ਲੋਕਾਂ ਨੂੰ ਅਗੇ ਆਉਣਾ ਚਾਹੀਦਾ ਹੈ। ਪੰਜਾਬ ਦੀ ਸਿਆਸਤ ਨੂੰ ਇਕ ਪਾਸੇ ਇੰਦਰਾ ਗਾਂਧੀ ਦੀ ਅਤੇ ਦੂਜੇ ਪਾਸੇ ਫਿਰਕੂ ਜਨੂੰਨੀਆਂ ਦੀ ਖੇਡ ਨਾ ਰਹਿਣ ਦਿਤਾ ਜਾਏ।

ਸਾਧਾਰਨ ਲੋਕਾਂ ਦੀ ਸੂਝਵਾਨ ਤਰੀਕੇ ਨਾਲ ਸਿਆਸਤ ਵਿਚ ਦਖਲ ਅੰਦਾਜ਼ੀ ਹੀ ਹਿੰਦੋਸਤਾਨ, ਜਿਸ ਵਿਚ ਪੰਜਾਬ ਵੀ ਆਂਦਾ ਹੈ, ਦੇ ਚੰਗੇ ਭਵਿੱਖ ਦੀ ਗਰੰਟੀ ਹੈ।

**ਗੁਰਸ਼ਰਨ ਸਿੰਘ**

# ਫਿਰਕਾਪ੍ਰਸਤੀ ਵਿਰੁੱਧ ਸੰਘਰਸ਼ ਦਾ ਪੈਂਤੜਾ

○ ਕਰਿਤ ਵਿਚਾਰ ਮੰਚ, ਚੰਡੀਗੜ੍ਹ

19 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਹੋਈ ਪੰਜਾਬ ਦੇ ਮਸਲੇ ਬਾਰੇ ਕਨਵੈਨਸ਼ਨ ਵਿਚ ਅਸੀਂ ਕੁਝ ਸਵਾਲ ਉਠਾਏ ਸਨ ਜਿਨ੍ਹਾਂ ਨੂੰ ਅਸੀਂ 'ਸਮਤਾ' ਦੇ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਾਂ ਤਾਂਕਿ ਇਨ੍ਹਾਂ ਮਸਲਿਆਂ ਤੇ ਗੰਭੀਰ ਵਿਚਾਰ ਵਟਾਂਦਰਾ ਹੋ ਸਕੇ।

ਪਹਿਲੀ ਗੱਲ ਬਹੁ-ਗਿਣਤੀ—ਘੱਟ ਗਿਣਤੀ ਦੀ ਹੋਂਦ ਨੂੰ ਲੈ ਕੇ ਉਠਾਈ ਗਈ ਹੈ। ਵੇਖਣ ਵਿਚ ਆਇਆ ਹੈ ਕਿ ਪੰਜਾਬ ਵਿਚ ਵੱਸਦੇ ਦੋਵੇਂ ਫਿਰਕੇ ਯਾਨੀ ਹਿੰਦੂ ਅਤੇ ਸਿੱਖ ਘੱਟ ਗਿਣਤੀ ਮਨੋਵਿਰਤੀ ਦਾ ਸ਼ਿਕਾਰ ਹਨ। ਇਹ ਇਥੋਂ ਦੀ ਸੌ ਤੋਂ ਵੀ ਵੱਧ ਸਾਲਾਂ ਦੀ ਫਿਰਕੂ ਰਾਜਨੀਤੀ ਦੀ ਦੇਣ ਹੈ। ਜਿਸ ਦਾ ਨਤੀਜਾ ਇਹ ਹੈ ਕਿ ਅੱਜ ਜਦੋਂ ਸਭਿਆਚਾਰਕ ਹੋਂਦ ਦੀ ਗੱਲ ਆਉਂਦੀ ਹੈ ਤਾਂ ਸਿੱਖ ਫਿਰਕੇ ਵੱਲੋਂ ਪੰਜਾਬੀ ਸਭਿਆਚਾਰ ਦਾ ਅਰਥ ਸਿੱਖ ਧਰਮ ਤੇ ਅਧਾਰਿਤ ਸਭਿਆਚਾਰ ਤੋਂ ਲਿਆ ਜਾਂਦਾ ਹੈ ਅਤੇ ਹਿੰਦੂ ਫਿਰਕਾਪ੍ਰਸਤ ਇਸ ਸਭਿਆਚਾਰ ਨੂੰ ਅਪਨਾਉਣ ਤੋਂ ਬਿਲਕੁਲ ਇਨਕਾਰੀ ਹੈ। ਇਸ ਗਲਤ ਸੋਚ ਦਾ ਕਾਰਣ ਵੱਖ ਵੱਖ ਫਿਰਕਿਆਂ ਦੀ ਧਰਮ ਦੇ ਅਧਾਰ ਤੇ ਵੰਡ ਅਤੇ ਉਨ੍ਹਾਂ ਦਾ ਇਕ ਵੱਖਰੀ ਸਭਿਆ-ਚਾਰਕ ਹੋਂਦ ਦੇ ਮਾਲਕ ਹੋਣ ਦੀ ਗਲਤ ਫਹਿਮੀ ਦਾ ਸ਼ਿਕਾਰ ਹੋਣ ਕਰਕੇ ਹੋਇਆ ਹੈ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਭਿਆਚਾਰ ਧਰਮ ਤੇ ਅਧਰਿਤ ਨਹੀਂ ਹੁੰਦਾ ਅਤੇ ਪੰਜਾਬ ਵਿਚ ਰਹਿੰਦੇ ਸਾਰੇ ਫਿਰਕਿਆਂ ਦਾ ਸਭਿਆਚਾਰ ਹਰ ਪੱਖੋਂ ਸਾਂਝਾ ਹੈ। ਬਹੁ ਗਿਣਤੀ—ਘੱਟ ਗਿਣਤੀ ਦਾ ਸਵਾਲ ਪੈਦਾ ਹੀ ਉਸ ਵੇਲੇ ਹੁੰਦਾ ਹੈ ਜਦੋਂ ਅਸੀਂ ਇਹ ਮੰਨ ਲੈਂਦੇ ਹਾਂ ਕਿ ਇਕ ਖਾਸ ਧਰਮ ਨੂੰ ਮੰਨਣ ਵਾਲੇ ਸਾਰੇ ਲੋਕ ਆਪਸ ਵਿਚ ਬਰਾਬਰ ਹਨ ਅਤੇ ਉਨ੍ਹਾਂ ਦੇ ਹਿੱਤ ਸਾਂਝੇ ਹਨ। ਇਸ ਤਰ੍ਹਾਂ ਦੀ ਫਿਰਕੂ ਵੰਡ ਬੁਨਿਆਦੀ ਤੌਰ ਤੇ ਗਲਤ ਹੈ ਕਿਉਂਕਿ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਮਜ਼ਦੂਰ ਦਾ, ਭਾਵੇਂ ਉਹ ਹਿੰਦੂ ਹੋਵੇ ਜਾਂ ਸਿੱਖ, ਧਰਮ ਦੇ ਇਲਾਵਾ ਕੁਝ ਵੀ ਵੰਡਿਆ ਨਹੀਂ ਤੇ ਇਕ ਦੁਕਾਨਦਾਰ/ਕਾਰਖਾਨੇਦਾਰ ਨਾਲ—ਭਾਵੇਂ ਉਹ ਹਿੰਦੂ ਹੈ ਜਾਂ ਸਿੱਖ—ਕੁਝ ਵੀ ਸਾਂਝਾ ਨਹੀਂ। ਜੇਕਰ ਕੋਈ ਵੰਡ ਜਾਂ ਸਾਂਝ ਹੈ ਤਾਂ ਉਹ ਸਿਰਫ ਧਰਮ ਦੀ ਹੈ ਜਿਹੜਾ ਕਿ ਇਕ ਵਿਅਕਤੀਗਤ ਦਾ ਮਾਮਲਾ ਹੈ. ਪਰ ਜੇਕਰ ਸੋਚ ਇਸ ਦੇ ਉਲਟ ਹੈ ਤਾਂ ਇਹ ਜ਼ਾਹਿਰ ਹੈ ਕਿ ਫਿਰਕੂ ਸੋਚ ਸਾਡੇ ਤੇ ਹਾਵੀ ਹੈ ਤੇ ਅਸੀਂ ਫਿਰਕਾ-ਪ੍ਰਸਤੀ ਦੇ ਸ਼ਿਕਾਰ ਹਾਂ। ਸਿੱਖ ਹਿੱਤ ਜਾਂ ਹਿੰਦੂ ਹਿੱਤ ਕੋਈ ਚੀਜ਼ ਨਹੀਂ ਹਨ। ਜੇ ਹਿੱਤ ਹਨ ਤਾਂ ਉਹ ਹਨ ਮਜ਼ਦੂਰ ਦੇ, ਕਿਸਾਨ ਦੇ, ਵਪਾਰੀ ਦੇ ਜਾਂ ਕਾਰਖਾਨੇਦਾਰ ਦੇ ਜਿਹੜੇ ਸਿੱਖ ਵੀ ਹਨ ਤੇ ਹਿੰਦੂ ਵੀ। ਇਸੇ ਨਜ਼ਰੀਏ ਨਾਲ ਸਮੱਸਿਆ ਨੂੰ ਸਮਝਦਿਆਂ ਅਸੀਂ ਪੰਜਾਬੀ ਸੱਭਿ-ਆਚਾਰਕ ਹੋਂਦ ਦੀ ਗੱਲ ਕਰ ਸਕਦੇ ਹਨ ਪਰ ਹਿੰਦੂ ਜਾਂ ਸਿੱਖ ਹੋਂਦ ਦੀ ਨਹੀਂ।

ਸੁਆਲ ਇਹ ਹੈ ਕਿ ਕੀ ਪੰਜਾਬੀ ਸਭਿਆਚਾਰ ਨੂੰ ਕੋਈ ਖਤਰਾ ਹੈ, ਜੇ ਹੈ ਤਾਂ ਕਿਸ ਤੋਂ ? ਜਿਸ ਤਰ੍ਹਾਂ ਕਿ ਅਸਾਮੀ ਲੋਕਾਂ ਨੇ ਬੰਗਾਲੀ ਸਭਿਆਚਾਰ ਦਾ ਗ਼ਲਬਾ ਮਹਿਸੂਸ ਕੀਤਾ ਤੇ ਆਪਣੀ ਹੋਂਦ ਦੀ ਗੱਲ ਉਠਾਈ। ਉਸ ਵਿਚ ਕਿਧਰੇ ਵੀ ਹਿੰਦੂ ਜਾਂ ਮੁਸਲਿਮ ਬੰਗਾਲੀ ਦੀ ਅਸਾਮੀ ਹਿੰਦੂ ਜਾਂ ਮੁਸਲਿਮ ਤੇ ਹਾਵੀ ਹੋਣ ਦੀ ਗੱਲ ਨਹੀਂ ਸੀ। ਸਗੋਂ ਸਮੁੱਚੀ ਅਸਾਮੀ ਸਭਿਆਚਾਰਕ ਪਹਿਚਾਨ ਦੀ ਗੱਲ ਸੀ। ਆਪਣੀ ਸਭਿਆਚਾਰਕ ਹੋਂਦ ਕਾਇਮ ਰੱਖਣ ਦਾ ਹਰ ਕੌਮ ਨੂੰ ਹੱਕ ਹੈ ਬਸ਼ਰਤੇ ਕਿ ਕੌਮ ਸਿਰਫ ਧਰਮ ਤੇ ਅਧਾਰਿਤ ਨਾ ਹੋਵੇ। ਲੋੜ ਹੈ ਇਸ ਹੱਕ ਲਈ ਲੜਨ ਦੀ ਕਿ ਵੱਖ ਵੱਖ ਕੌਮਾਂ ਨੂੰ ਆਪਣਾ ਸਭਿਆਚਾਰਕ ਵਿਰਸਾ ਸਾਂਭਣ ਦੀ ਮਾਣਤਾ ਹੋਵੇ ਤੇ ਰਾਸ਼ਟਰੀ ਏਕੀਕਰਨ ਦੇ ਨਾਂ ਥੱਲੇ ਕੌਮਾਂ ਦੀ ਸਭਿਆਚਾਰਕ ਹੋਂਦ ਹੀ ਖਤਮ ਨਾ ਕਰ ਦਿਤੀ ਜਾਵੇ। ਇਸ ਕਰਕੇ ਸਾਨੂੰ ਗੱਲ ਕਰਨੀ ਲੋੜੀਂਦੀ ਹੈ, ਪੰਜਾਬੀ ਸਭਿਆਚਾਰਕ ਪਹਿਚਾਣ ਦੀ, ਨਾ ਕਿ ਸਿੱਖ ਜਾਂ ਹਿੰਦੂ ਘੱਟ ਗਿਣਤੀ ਜਾਂ ਬਹੁ ਗਿਣਤੀ ਦੀ।

ਦੂਜੀ ਗੱਲ ਫਿਰਕੂ ਤਾਕਤਾਂ ਨੂੰ ਹਾਰ ਦੇਣ ਸੰਬੰਧੀ ਸਾਹਮਣੇ ਆਈ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਅਸੀਂ, ਆਰ. ਐਸ. ਐਸ. ਮੁਸਲਮ ਲੀਗ ਤੇ ਕੁਝ ਚਿਰ ਤੋਂ ਅਕਾਲੀ ਫਿਰਕੂ ਦਲਾਂ ਵਿਰੁਧ ਲੜਨ ਦੀ ਗੱਲ ਕਰਦੇ ਰਹੇ ਹਾਂ। ਪਰ ਸਵਾਲ ਇਹ ਹੈ ਕਿ ਜੇ ਕਰ ਇਹ ਦਲ ਨਾਂ ਵੀ ਰਹੇ ਤਾਂ ਕੀ ਇਹ ਸਮਸਿਆ ਮੁੱਕ ਜਾਏਗੀ ? ਨਹੀਂ, ਸਗੋਂ ਇਹ ਨਵੇਂ ਨਵੇਂ ਰੂਪਾਂ ਵਿਚ ਸਾਹਮਣੇ ਆਂਦੀ ਰਹੇਗੀ। ਜਿਵੇਂ ਕਿ ਹਾਲ ਵਿਚ ਇਹ ਕਾਂਗਰਸ ਪਾਰਟੀ ਦੀ ਕਾਰਗੁਜ਼ਾਰੀ ਵਿਚ ਸਾਹਮਣੇ ਆਈ ਹੈ। ਜੇ ਅੱਜ ਨਿਸ਼ਾਨਾ ਸਿਰਫ ਕਾਂਗਰਸ ਦੀ ਫਿਰਕਾ ਪ੍ਰਸਤੀ ਨੂੰ ਲੜਨ ਤਕ ਸੀਮਿਤ ਰਿਹਾ ਤਾਂ ਕਲ ਕੋਈ ਨਵੀਂ ਪਾਰਟੀ ਅੱਗੇ ਆ ਜਾਵੇਗੀ। ਤੇ ਸਮੱਸਿਆ ਉਸੇ ਤਰ੍ਹਾਂ ਬਣੀ ਰਹੇਗੀ। ਲੋੜ ਹੈ ਕਿ ਅਸੀਂ ਫਿਰਕਾ ਪ੍ਰਸਤੀ ਫਿਰਕੂ ਤਾਕਤਾਂ ਤੇ ਫਿਰਕੂ ਪਾਰਟੀਆਂ ਵਿਚਲਾ ਫਰਕ ਸਮਝੀਏ ਤੇ ਫਿਰਕਾ-ਪ੍ਰਸਤੀ ਵਿਰੁੱਧ ਲੰਬੀ ਵਿਚਾਰਧਾਰਕ ਲੜਾਈ ਦੇਂਦੇ ਹੋਏ ਫਿਰਕੂ ਪਾਰਟੀਆਂ ਤੇ ਫਿਰਕੂ ਤਾਕਤਾਂ ਦੀ ਕਾਰਗੁਜ਼ਾਰੀ ਨੂੰ ਨੰਗਿਆਂ ਕਰੀਏ। ਫਿਰਕੂ ਪਾਰਟੀਆਂ ਦੀ ਵੰਡ ਢੁਲੇ

ਦੋ ਗੱਲਾਂ ਵਲ ਧਿਆਨ ਦੇਣਾ ਜ਼ਰੂਰੀ ਹੈ।

ਪਹਿਲਾਂ ਉਹ ਪਾਰਟੀਆਂ ਜਾਂ ਦਲ ਜਿਨ੍ਹਾਂ ਦੀ ਵਿਚਾਰਧਾਰਾ ਦਾ ਖਾਸਾ ਹੀ ਫਿਰਕੂ ਹੋਵੇ ਤੇ ਇਸ ਵਿਚਾਰ-ਧਾਰਾ ਦਾ ਪ੍ਰਚਾਰ ਅਤੇ ਇਸਤੇਮਾਲ ਉਹ ਆਪਣੇ ਰਾਜ-ਨੀਤਕ ਪ੍ਰੋਗਰਾਮਾਂ ਵਿਚ ਕਰਦੇ ਹੋਣ। ਜਿਵੇਂ ਆਰ. ਐਸ. ਐਸ. ਅਕਾਲੀ ਦਲ, ਮੁਸਲਿਮ ਲੀਗ ਅਤੇ ਜਮਾਇਤੇ ਇਸਲਾਮੀ

ਦੂਜੇ-ਉਹ ਪਾਰਟੀਆਂ ਜਿੰਨ੍ਹਾਂ ਦਾ ਵਿਚਾਰਧਾਰਕ ਖਾਸਾ ਫਿਰਕੂ ਨਾ ਹੋਵੇ ਪਰ ਜੋ ਆਪਣੇ ਚੁਣਾਵੀ ਤੇ ਰਾਜਸੀ ਹਿੱਤਾਂ ਲਈ ਫਿਰਕਾ ਪ੍ਰਸਤੀ ਨੂੰ ਇਸਤੇਮਾਲ ਕਰਦੀਆਂ ਹੋਣ ਜਿਵੇਂ ਕਿ ਕਾਂਗਰਸ, ਭਾਰਤੀ ਜਨਤਾ ਪਾਰਟੀ ਆਦਿ। ਇਨ੍ਹਾਂ ਪਾਰਟੀਆਂ ਦੇ ਮਨਸੂਬਿਆਂ ਦਾ ਪਰਦੇਫਾਸ਼ ਕਰਨਾ ਜ਼ਰੂਰੀ ਹੈ ਪਰ ਫਿਰਕਾਪ੍ਰਸਤੀ ਵਿਰੁੱਧ ਕੋਈ ਜਦੋਜਹਿਦ ਆਪਣਾਉਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਸੀਂ ਦੋਵੇਂ ਤਰ੍ਹਾਂ ਦੀਆਂ ਪਾਰਟੀਆਂ ਦੇ ਫਰਕ ਨੂੰ ਚੰਗੀ ਤਰ੍ਹਾਂ ਸਮਝੀਏ।

ਫਿਰਕੂ ਤਾਕਤਾਂ ਤੋਂ ਸਾਡਾ ਭਾਵ ਹਾਕਮਜਮਾਤਾਂ ਦੇ ਉਸ ਤਬਕੇ ਤੋਂ ਹੈ ਜਿਨ੍ਹਾਂ ਦਾ ਹਿਤ ਫਿਰਕੂ ਪਾਰਟੀਆਂ ਪੂਰਦੀਆਂ ਹਨ। ਇਹ ਜਮਾਤਾਂ ਫਿਰਕੂ ਵਿਚਾਰਧਾਰਾ ਤੇ ਫਿਰਕੂ ਪਾਰਟੀਆਂ ਨੂੰ ਪੂਰੀ ਤਰ੍ਹਾਂ ਵਰਤਦੀਆਂ ਹਨ।

ਫਿਰਕਾਪ੍ਰਸਤੀ ਤੋਂ ਸਾਡਾ ਭਾਵ ਧਰਮ ਦੇ ਅਧਾਰ ਤੇ ਰਾਜਸੀ, ਸਮਾਜਕ ਅਤੇ ਆਰਥਕ ਖੇਤਰ ਵਿਚ ਦਾਅਵੇਦਾਰੀ ਦਾ ਹੋਣਾ ਤੇ ਇਹ ਦਾਅਵੇਦਾਰੀ ਦੂਜੇ ਧਾਰਮਿਕ ਫਿਰਕਿਆਂ ਪ੍ਰਤੀ ਵਿਰੋਧਾਤਮਕ ਹੈ।

ਇਥੇ ਹੀ ਇਕ ਹੋਰ ਗੱਲ ਵੀ ਦੁਹਰਾਉਣੀ ਲਾਜ਼ਮੀ ਹੈ। ਉਹ ਇਹ ਕਿ ਸਟੇਟ, ਰਾਜ ਵਿਵਸਥਾ (ਪੋਲਿਟੀ) ਤੇ ਸਟੇਟ ਦੇ ਨੁਮਾਇੰਦੇ, ਇਹ ਤਿੰਨ ਵੱਖ ਵੱਖ ਧਿਰਾਂ ਹਨ ਤੇ ਇਨ੍ਹਾਂ ਦਾ ਅੰਤਰ ਸਮਝਣਾ ਵੀ ਜ਼ਰੂਰੀ ਹੈ ਜਿਵੇਂ ਕਿ ਇਹ ਕਹਿਣਾ ਕਿ "ਹਿੰਦੋਸਤਾਨ ਇਕ ਹਿੰਦੂ ਬਾਣੀਆ ਸਟੇਟ ਹੈ" ਆਦਿ ਧਾਰਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਅਸੀਂ ਵਾਸਤਵਿਕਤਾ ਨੂੰ ਫਿਰਕੂ ਚੌਖਟੇ ਵਿਚੋਂ ਪਰਖ ਰਹੇ ਹਾਂ। ਭਾਰਤ ਦਾ ਸੰਵਿਧਾਨ ਧਰਮ ਦੇ ਆਧਾਰ ਤੇ ਕੋਈ ਭੇਦ-ਭਾਵ ਜਾਂ ਛੋਟ ਨਹੀਂ ਦਿੰਦਾ। ਫਿਰਕੂ ਸਟੇਟ ਦੀ ਸਹੀ ਉਦਾਹਰਣ ਈਰਾਨ ਅਤੇ ਪਾਕਿਸਤਾਨ ਹੈ ਜਿਥੇ ਕਿ ਸਟੇਟ ਇਸਲਾਮਕ ਹੈ। ਹਿੰਦੋਸਤਾਨ ਵਿਚ ਕੋਈ ਆਈ. ਏ. ਐਸ. ਅਫਸਰ ਜਾਂ ਕੋਈ ਹੋਰ ਸਰਕਾਰੀ ਪ੍ਰਸ਼ਾਸਕ ਜੋ ਕਿ ਸਟੇਟ ਦਾ ਨੁਮਾਇੰਦਾ ਹੈ, ਫਿਰਕਾ-ਪ੍ਰਸਤੀ ਦਾ ਸ਼ਿਕਾਰ ਹੋ ਸਕਦਾ ਹੈ ਤੇ ਆਪਣੇ ਨਿੱਤ ਦੇ ਵਰਤਾਰੇ ਵਿਚ ਫਿਰਕੂ ਆਧਾਰ ਤੇ ਪੱਖਪਾਤ ਕਰ ਸਕਦਾ ਹੈ ਪਰ ਇਸ ਤੋਂ ਇਹ ਮੰਨ ਲੈਣਾ ਗ਼ਲਤ ਹੋਵੇਗਾ ਕਿ ਭਾਰਤੀ ਸਟੇਟ ਫਿਰਕੂ ਹੈ। ਫਿਰਕਾਪ੍ਰਸਤੀ ਰਾਜ ਵਿਵਸਥਾ ਅਤੇ ਉਸ ਦੇ ਸਹਿਭਾਗਾਂ ਵਿਚ ਹੈ ਤੇ ਇਸੇ ਲਈ ਜੇ ਸਟੇਟ ਦਾ ਖਾਸਾ ਮੁਢੋਂ ਹੀ ਬਦਲ ਦਿਤਾ ਜਾਏ ਤਾਂ ਫਿਰਕਾਪ੍ਰਸਤੀ ਦੀ ਸਮੱਸਿਆ ਆਪਣੇ ਆਪ ਖਤਮ ਨਹੀਂ ਹੋ ਜਾਵੇਗੀ। ਇਸ ਲਈ ਲੋੜ ਹੈ ਕਿ ਅਸੀਂ ਜਮਾਤੀ ਘੋਲ ਦੇ ਨਾਲ ਨਾਲ ਫਿਰਕਾਪ੍ਰਸਤੀ ਵਿਰੁਧ ਘੋਲ ਵੀ ਜਾਰੀ ਰਖੀਏ।

'ਫਿਰਕਾਪ੍ਰਸਤੀ ਲਾਅਣਤ ਹੈ' ਦਾ ਨਾਅਰਾ ਠੀਕ ਹੈ ਪਰ ਇਹ ਭੁਲਣਾ ਨਹੀਂ ਚਾਹੀਦਾ ਕਿ ਫਿਰਕਾ-ਪ੍ਰਸਤੀ ਦੀ ਆਪਣੀ ਮਾਨਤਾ ਹੈ। ਫਿਰਕਾ-ਪ੍ਰਸਤੀ ਇਕ ਪਿਛਾਂਹ ਖਿਚੂ ਰੁਝਾਣ ਹੈ ਜਿਹੜਾ ਲੋਕਾਂ ਨੂੰ ਅਸਲੀ ਜਮਾਤੀ ਘੋਲ ਤੋਂ ਦੂਰ ਲਿਜਾ ਕੇ ਫਿਰਕਿਆਂ ਦੇ ਆਧਾਰ ਤੇ ਵੰਡਦਾ ਹੈ ਤੇ ਜਮਾਤੀ ਘੋਲ ਨੂੰ ਪਿਛਾਖੜੇ ਪਾਂਦਾ ਹੈ। ਇਹ ਗੱਲ ਆਮ ਆਦਮੀ ਤੱਕ ਕਿਸ ਤਰ੍ਹਾਂ ਪਹੁੰਚਾਈ ਜਾਵੇ ਜਿਸ ਬਾਰੇ ਸੋਚਣ ਦੀ ਲੋੜ ਹੈ। ਅੱਜ ਜੇਕਰ ਇਕ ਖਾਸ ਫਿਰਕੇ ਦਾ ਹੋਣ ਕਰਕੇ ਇਕ ਆਦਮੀ ਨੂੰ ਨੌਕਰੀ ਜਾਂ ਤਰੱਕੀ ਮਿਲ ਰਹੀ ਹੈ ਤਾਂ ਉਸ ਵਾਸਤੇ ਫਿਰਕਾਪ੍ਰਸਤੀ ਦੀ ਅਪੀਲ ਹੈ। ਇਸੇ ਤਰ੍ਹਾਂ ਹੀ ਜੇਕਰ ਪ੍ਰਵਾਸੀ ਭਈਆ ਮਜ਼ਦੂਰ ਦੇ ਨਾ ਆਉਣ ਕਾਰਣ ਪੰਜਾਬੀ ਖੇਤ ਮਜ਼ਦੂਰ ਦੀ ਦਿਹਾੜੀ ਵਧ ਗਈ ਹੈ ਤਾਂ ਉਸ ਲਈ ਵੀ ਵੱਖਵਾਦ ਦੀ ਮੰਗ ਦੀ ਅਪੀਲ ਹੈ। ਇਸ ਹਾਲਤ ਵਿਚ 'ਆਉ ਫਿਰਕਾਪ੍ਰਸਤੀ ਵਿਰੁੱਧ ਲੜੀਏ' ਸਿਰਫ ਨਾਅਰਾ ਬਣ ਕੇ ਹੀ ਰਹਿ ਜਾਵੇਗਾ। ਲੋੜ ਹੈ ਵੱਖ ਵੱਖ ਤਬਕਿਆਂ ਵਿਚ ਫਿਰਕੂ ਵਿਚਾਰਧਾਰਾ ਦੀ ਅਪੀਲ ਨੂੰ ਸਮਝਣ ਦੀ। ਅੱਜ ਵੱਡੇ ਕਿਸਾਨ ਨੂੰ, ਦਰਮਿਆਨੇ, ਛੋਟੇ ਤੇ ਭੂਮੀਹੀਣ ਨੂੰ, ਵਪਾਰੀ ਤੇ ਕਾਰਖਾਨੇ-ਦਾਰ ਨੂੰ ਵੱਖਵਾਦ ਜਾਂ ਫਿਰਕਾਪ੍ਰਸਤੀ ਤੋਂ ਕੀ ਫਾਇਦਾ ਮਿਲ ਰਿਹਾ ਹੈ ਲੋੜ ਹੈ ਉਸ ਹਿੱਤ ਨੂੰ ਸਮਝਣ ਦੀ ਤੇ ਫੇਰ ਉਸ ਨੂੰ ਲੜਾਈ ਦੇਣ ਦੀ। ਜੇਕਰ ਅਸੀਂ ਵਿਗਿ-ਆਨਕ ਦ੍ਰਿਸ਼ਟੀਕੋਣ ਰੱਖਣ ਦਾ ਦਾਅਵਾ ਕਰਦੇ ਹਾਂ ਤਾਂ ਇਨ੍ਹਾਂ ਮਸਲਿਆਂ ਬਾਰੇ ਸਾਡੀ ਪਹੁੰਚ ਵੀ ਵਿਗਿਆਨਕ ਹੋਣੀ ਚਾਹੀਦੀ ਹੈ।

ਏਸ ਦਾ ਇਕ ਹੋਰ ਉਦਾਹਰਣ-ਅਹਿਮਦਾਬਾਦ (ਗੁਜਰਾਤ) ਇਕ ਵੱਡਾ ਉਦਯੋਗਿਕ ਕੇਂਦਰ ਹੈ ਜਿਥੇ ਕਿ ਕਪੜਾ ਮਿਲਾਂ ਵਿਚ ਦੋ ਵਡੀਆਂ ਟਰੇਡ ਯੂਨੀਅਨਾਂ-ਮਜੂਰ ਮਹਾਜਨ ਅਤੇ ਸਾਰਨੀ ਕਾਮਗਾਰ ਸਭਾ ਕਾਰਗੁਜ਼ਾਰ ਹਨ। ਮਜੂਰ ਮਹਾਜਨ ਜੋ ਕਿ ਸਭ ਤੋਂ ਵਡੀ ਯੂਨੀਅਨ ਹੈ ਅਤੇ ਦੂਜੀ ਯੂਨੀਅਨ ਸਾਰਨੀ ਕਾਮਗਾਰ ਨੇ ਸਮੁਚੇ ਤੌਰ ਤੇ ਮਜ਼ਦੂਰਾਂ ਨੂੰ ਫਿਰਕੂ ਅਧਾਰ ਤੇ ਵੰਡਿਆ ਹੋਇਆ ਹੈ। ਕਪੜਾ ਮਿਲਾਂ ਦੇ ਸੰਕਟ ਦੌਰਾਨ ਛਾਂਟੀ ਦੀ ਲੋੜ ਵੇਲੇ ਜ਼ਿਆਦਾ ਤਰ ਇੱਕੋ ਫਿਰਕੇ ਦੇ ਮਜ਼ਦੂਰਾਂ ਦੀ ਛਾਂਟੀ ਨੇ

ਫਿਰਕਾਪ੍ਰਸਤੀ ਨੂੰ ਵਧਾਇਆ।

ਇਹ ਇਸ ਕਰਕੇ ਵੀ ਅਸਾਨ ਹੋਇਆਂ ਕਿਉਂਕਿ ਬੰਬਈ ਟਰੇਡ ਯੂਨੀਅਨ ਐਕਟ ਅਧੀਨ ਸਿਰਫ ਬਹੁ-ਗਿਣਤੀ ਯੂਨੀਅਨ ਹੀ ਪ੍ਰਤੀਨਿਧ ਯੂਨੀਅਨ ਮੰਨੀ ਜਾਂਦੀ ਹੈ। ਮਜ਼ੂਰ-ਮਹਾਜਨ-ਫਿਰਕੂ ਅਧਾਰ ਤੇ ਬਣੀ ਵਡੀ ਟਰੇਡ ਯੂਨੀਅਨ ਵਿਚ ਮੁਸਲਿਮ-ਨੁਮਾਇੰਦਗੀ ਨਾਂਹ ਦੇ ਬਰਾਬਰ ਸੀ। ਜਿਸ ਕਰਕੇ ਸੰਕਟ ਦੌਰਾਨ ਪਹਿਲਾ ਵਾਰ ਉਹਨਾਂ ਤੇ ਹੀ ਹੋਇਆ। ਮੁਸਲਮ ਮਜ਼ਦੂਰ ਪਲੇਟ ਫਾਰਮ ਦੀ ਘਾਟ ਹੋਣ ਕਰਕੇ ਆਪਣੇ ਹੱਕਾਂ ਲਈ ਲੜ ਨਾ ਸਕੇ। ਇਸ ਸਭ ਦਾ ਨਤੀਜਾ ਇਹ ਹੋਇਆ ਕਿ ਮੁਸਲਿਮ ਮਜ਼ਦੂਰਾਂ ਦਾ ਸਾਰਵੀ ਕਾਮਗੀਰ ਸਭਾ ਵੱਲ ਰੁਝਾਣ ਵਧ ਗਿਆ ਤੇ ਮਜ਼ਦੂਰ ਪੂਰੀ ਤਰ੍ਹਾਂ ਧਾਰਮਿਕ ਫਿਰਕੇ ਦੇ ਅਧਾਰ ਤੇ ਵੰਡੇ ਗਏ। ਸਿਰਫ ਇਨਾ ਹੀ ਨਹੀਂ ਉਹ ਇਸ ਗੱਲ ਨੂੰ ਪੂਰੀ ਤਰ੍ਹਾਂ ਮੰਨਣ ਲਗ ਪਏ ਕਿ ਫਿਰਕੂ ਵੰਡ ਦੇ ਅਧਾਰ ਤੇ ਬਣੀ ਯੂਨੀਅਨ ਹੀ ਉਨ੍ਹਾਂ ਦੇ ਕੰਮ-ਕਾਰ ਦੇ ਹੱਕ ਨੂੰ ਸੁਰਖਿਅਤ ਕਰ ਸਕਦੀ ਹੈ।

ਅਗਲੀ ਗੱਲ, ਖੱਬੀ ਜਮਹੂਰੀ ਲਹਿਰ ਸੰਬੰਧੀ ਹੈ। ਵੇਖਣ ਵਿਚ ਆਇਆ ਹੈ ਕਿ ਜਮਹੂਰੀ ਚੇਤਨਾ ਬਾਰੇ ਸਾਡੀ ਪਹੁੰਚ ਪੀਸ ਮੀਲ ਤੇ (Issue orinted) ਰਹੀ ਹੈ ਜੋ ਕਿ ਲੰਮੀ ਲੜਾਈ ਲਈ ਕਾਰਗਰ ਸਿੱਧ ਨਹੀਂ ਹੁੰਦੀ। ਅਜ ਜੇਕਰ ਅਸੀਂ ਫੌਜੀ ਦਾਖਲੇ ਨੂੰ ਜਮਹੂਰੀਅਤ ਉਤੇ ਛਾਪਾ ਕਹਿੰਦੇ ਹਾਂ ਤਾਂ ਇਸ ਦੀ ਸੁਖਾਲੇ ਹੀ ਵਿਆਖਿਆ ਸਿੱਖ ਧਾਰਮਿਕ ਫਿਰਕੇ ਦੇ ਹੱਕਾਂ ਤੇ ਛਾਪੇ ਦੀ ਹੋ ਨਿਬੜਦੀ ਹੈ ਜਦ ਕਿ ਇਹੀ ਗੱਲ ਜੇਕਰ ਫੌਜੀ ਕਾਰਵਾਈ ਤੋਂ ਪਹਿਲਾਂ ਹਿੰਦੂ ਜਾਂ ਸਹਿਜਧਾਰੀ ਲੋਕ ਸਮੂਹ ਦੀ ਧਾਰਮਿਕ ਅਜ਼ਾਦੀ ਦੇ ਖੋਹੇ ਜਾਣ ਦੇ ਸਬੰਧ ਵਿਚ ਉਠਾਈ ਜਾਂਦੀ ਤਾਂ ਇਹ ਦੂਜੇ ਫਿਰਕੇ ਦੇ ਹੱਕ ਵਿੱਚ ਹੀ ਨਿਬੜਦੀ। ਸਮੇਂ ਦੀ ਲੋੜ ਹੈ ਕਿ ਅਸੀਂ ਜਮਹੂਰੀ ਹੱਕ, ਫਿਰਕਾਪ੍ਰਸਤੀ ਤੇ ਜਮਾਤੀ ਵਿਤਕਰੇ ਦੀ ਲੜਾਈ ਨੂੰ ਵੱਖ ਵੱਖ ਕਰਕੇ ਨਾ ਵੇਖੀਏ।

ਅਸੀਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਜਮਹੂਰੀ ਲਹਿਰ ਦਾ ਮਕਸਦ ਜਮਹੂਰੀ ਚੇਤਨਾ ਨੂੰ ਵਧਾਉਣਾ ਹੋਣਾ ਚਾਹੀਦਾ ਹੈ ਤੇ ਲਾਮਬੰਦੀ ਸਿਰਫ ਜਮਹੂਰੀ ਹੱਕਾਂ ਬਾਰੇ ਹੀ ਨਹੀਂ ਸਗੋਂ ਸਮੁੱਚੀ ਚੇਤਨਾ ਵਧਾਉਣ ਦੁਆਲੇ ਹੋਣੀ ਚਾਹੀਦੀ ਹੈ। ਇਸ ਚੇਤਨਾ ਦੀ ਗੈਰਹਾਜ਼ਰੀ ਵਿੱਚ ਸਾਡੀ ਸਮਝ ਦੀ ਅਪੀਲ/ਲੋਕਾਂ ਵਿੱਚ ਘਰ ਕਰਨ ਦੀ ਬਜਾਏ ਹੌਲੀ ਹੌਲੀ ਆਪਣਾ ਅਸਰ ਹੀ ਗੁਆ ਬੈਠੇਗੀ। ਲੋੜ ਹੈ ਰੋਜ਼ਾਨਾ ਬੁੱਧ ਪਹੁੰਚ ਅਪਨਾਉਣ ਦੀ ਜਿਹੜੀ ਸਾਡੇ ਰੋਜ਼ ਦੇ ਵਰਤਾਰੇ ਦਾ ਹਿੱਸਾ ਬਣ ਜਾਏ।

ਸਮਾਂ ਲੰਘਣ ਨਾਲ ਜੋ ਗੱਲਾਂ ਬਾਹਰ ਆ ਰਹੀਆਂ ਹਨ, ਉਹ ਸਾਬਤ ਕਰਦੀਆਂ ਹਨ ਕਿ ਅੰਮ੍ਰਿਤਸਰ ਵਿਚ ਜੋ ਫੌਜੀ ਕਾਰਵਾਈ ਕੀਤੀ ਗਈ ਹੈ, ਉਹ ਫੌਜੀ ਨੁਕਤਾ-ਨਿਗਾਹ ਨਾਲ ਵੀ ਕੋਈ ਪ੍ਰਾਪਤੀ ਨਹੀਂ। ਇਹ ਇਕ ਅੰਨ੍ਹੀ ਕਾਰਵਾਈ ਸੀ। ਪਹਿਲੇ ਜਵਾਨਾਂ ਨੂੰ ਬਗ਼ੈਰ ਬਚਾਅ ਦੇ ਵਰ੍ਹਦੀਆਂ ਗੋਲੀਆਂ ਵਿਚ ਧੱਕ ਕੇ ਵਡੀ ਗਿਣਤੀ ਵਿਚ ਨੁਕਸਾਨ ਕਰਵਾਇਆ ਗਿਆ ਤੇ ਫੇਰ ਘਬਰਾਹਟ ਕਾਹਲ ਅਤੇ ਬਦਲ ਲਊ ਕਾਰਵਾਈ ਨਾਲ ਕਿ ਹਜ਼ਾਰ ਦੇ ਕਰੀਬ ਬੇਗੁਨਾਹਾਂ ਲੋਕਾਂ ਦਾ ਕੱਤਲ ਕੀਤਾ ਗਿਆ ਜੋ ਕਿਸੀ ਤਰ੍ਹਾਂ ਵੀ ਅਤਿਵਾਦੀਆਂ ਨਾਲ ਸੰਬਧ ਨਹੀਂ ਰਖਦੇ ਸਨ, ਸਗੋਂ ਦਰਬਾਰ ਸਾਹਿਬ ਵਿਚ ਪੁਰ ਅਮਨ ਮੋਰਚਾ ਲਗਾਉਣ ਵਾਲੇ ਜਥਿਆਂ ਵਿਚੋਂ ਸਨ, ਜਾਂ ਯਾਤਰੂ ਸਨ ਜਾਂ ਗੁਰ-ਦੁਆਰਾ ਪ੍ਰਬੰਧ ਕਰਨ ਵਾਲੇ ਕਰਮਚਾਰੀਆਂ ਵਿਚੋਂ ਸਨ, ਜਾਂ ਉਹਨਾਂ ਦੇ ਟੱਬਰਾਂ ਵਿਚੋਂ ਸਨ। ਇਹ ਵਡਾ ਦੁਖਾਂਤ ਇਕ ਢਹਿ ਢੇਰੀ ਹੋ ਰਹੇ ਨਿਜ਼ਾਮ ਦੀ ਦੇਣ ਹੈ, ਜੋ ਪੰਜਾਬ ਦੇ ਸਾਰੇ ਸੋਚਣ ਵਾਲੇ ਲੋਕਾਂ ਲਈ ਫਿਕਰ ਦਾ ਕਾਰਨ ਬਣਿਆ ਹੋਇਆ ਹੈ।

ਇਹ ਫਿਕਰ ਹੋਰ ਵੀ ਡੂੰਘਾ ਹੋ ਜਾਂਦਾ ਹੈ ਜਦੋਂ ਇਕ ਨਾਲਾਇਕੀ ਨਾਲ ਕੀਤੇ ਐਕਸ਼ਨ ਉਤੇ ਫੌਜ ਦਾ ਕਮਾਂਡਰ ਇਨਚੀਫ ਫਖਰ ਕਰਦਾ ਹੈ: ਇਕ ਐਕਸ਼ਨ ਵਿਚ ਫੌਜੀਆਂ ਦਾ ਤੇ ਆਪਣੇ ਸ਼ਹਿਰੀਆਂ ਦਾ ਏਨਾ ਵਡਾ ਨੁਕਸਾਨ ਸ਼ਰਮਿੰਦਗੀ ਦਾ ਕਾਰਣ ਹੋਣਾ ਚਾਹੀਦਾ ਹੈ। ਫਖਰ ਦਾ ਨਹੀਂ।

—ਦਿਲੀ ਕਨਵੈਨਸ਼ਨ ਵਿਚ ਇਕ ਪ੍ਰਭਾਵ

ਅਸੀਂ ਸੜਕ ਤੇ ਸਿਰਫ ਉਸ ਵੇਲੇ ਹੀ ਨਾਂ ਆਈਏ ਜਦੋਂ ਕੋਈ ਕੁੜੀ ਦਾਜ ਕਾਰਣ ਸਾੜ ਕੇ ਮਾਰ ਦਿੱਤੀ ਜਾਏ ਜਾਂ ਕੋਈ ਹਰੀਜਨ ਜਿਉਂਦਾ ਅੱਗ ਵਿਚ ਸੁੱਟ ਦਿੱਤਾ ਜਾਵੇ ਜਾਂ ਕੋਈ ਖੇਤ ਮਜ਼ਦੂਰ ਜ਼ਿਮੀਦਾਰਾਂ ਦੇ ਲੱਠਮਾਰਾਂ ਵੱਲੋਂ ਮਾਰ ਦਿੱਤਾ ਜਾਵੇ; ਸਗੋਂ ਸਾਡੇ ਆਪਣੇ ਘਰਾਂ ਵਿੱਚ, ਰੋਜ਼ ਦੀ ਜ਼ਿੰਦਗੀ ਵਿੱਚ ਹੋ ਰਹੇ ਔਰਤਾਂ ਨਾਲ ਗ਼ਲਤ ਵਤੀਰੇ, ਹਰੀਜਨ ਮਜ਼ਦੂਰ ਦੀ ਰੋਜ਼ਾਨਾ ਜ਼ਿੰਦਗੀ ਵਿਚ ਬੇਪਤੀ ਜਾਂ ਐਸੇ ਸੰਬੋਧਨ ਜਿਹੜੇ ਹਰ ਪਲ ਉਨ੍ਹਾਂ ਨੂੰ ਨੀਵਾਂ ਸਿੱਧ ਕਰਦੇ ਹੋਣ, ਨੂੰ ਵੀ ਅਸੀਂ ਜਮਹੂਰੀ ਹੱਕਾਂ ਤੇ ਵਾਰ ਸਮਝੀਏ। ਕਿਸੇ ਤੋਂ ਇਕੋ ਵਾਰ ਵਿੱਚ ਜੀਣ ਦਾ ਹੱਕ ਖੋਹ ਲੈਣਾ ਤੇ ਦੂਜੇ ਪਾਸੇ ਕਿਸੇ ਮਨੁੱਖ ਤੋਂ ਚੰਗੇਰੀ ਤੇ ਉਸਦੀ ਮਰਜ਼ੀ ਦੇ ਜੀਣ ਦਾ ਹੱਕ ਤਿਲ ਤਿਲ ਕਰ ਕੇ ਖੋਹਣਾ, ਸਾਡੀ ਸਮਝ ਮੁਤਾਬਕ ਇੱਕੋ ਜਿਹੇ ਘਿਨੌਣੇ ਤੇ ਜਮਹੂਰੀਅਤ ਵਿਰੋਧੀ ਕਦਮ ਹਨ।

o

o ਇਹ ਦਸਤਾਵੇਜ਼ ਉਹਨਾਂ ਲੋਕਾਂ ਦੀ ਖਿਦਮਤ ਵਿਚ ਪੇਸ਼ ਕੀਤਾ ਜਾ ਰਿਹਾ ਹੈ ਜੋ ਕਿ ਪੰਜਾਬ ਨੂੰ ਹਿੰਦੂ, ਮੁਸਲਿਮ, ਸਿੱਖ, ਇਸਾਈ ਦਲਿਤ ਸਾਰੇ ਲੋਕਾਂ ਲਈ ਇਕ ਖੁਸ਼ੀ-ਵੱਸਦਾ ਰਸਦਾ ਪ੍ਰਾਂਤ ਵੇਖਣਾ ਚਾਹੁੰਦੇ ਹਨ ਅਤੇ ਜੋ ਚਾਹੁੰਦੇ ਹਨ ਕਿ ਇਹ ਧਰਤੀ ਫੌਜੀ ਬੂਟਾਂ ਥੱਲੇ ਨਾ ਰਵੇ।

o ਦਰਬਾਰ ਸਾਹਿਬ ਵਿਚ ਹੋਈ ਫੌਜੀ ਕਾਰਵਾਈ ਨੇ ਸਾਰੀ ਦੁਨੀਆਂ ਵਿਚ ਰਹਿ ਰਹੇ ਸਿੱਖ ਜਜ਼ਬਿਆਂ ਨੂੰ ਠੇਸ ਪੁਚਾਈ ਹੈ। ਵੱਡੀ ਗਿਣਤੀ ਵਿਚ ਬੇਗੁਨਾਹ ਲੋਕ ਮਾਰੇ ਗਏ ਹਨ। ਦੂਜਿਆਂ ਫਿਰਕਿਆਂ ਦਾ ਫਰਜ਼ ਹੈ ਕਿ ਉਹ ਇਸ ਘੜੀ ਵਿਚ ਸਿੱਖਾਂ ਦੇ ਦੁੱਖ ਨੂੰ ਵੰਡਾਉਣ।

o ਅਸੀਂ ਸਰਕਾਰ ਦੇ ਇਸ ਦਾਅਵੇ ਨੂੰ ਮੰਨਣ ਤੋਂ ਇਨਕਾਰੀ ਹਾਂ ਕਿ ਭਿੰਡਰਾਂਵਾਲੇ ਦੇ ਵਿਰੁੱਧ ਇਹੋ ਜਿਹੀ ਕਾਰਵਾਈ ਦੇ ਸਿਵਾ ਹੋਰ ਕੋਈ ਰਾਹ ਨਹੀਂ ਸੀ। ਕੁਝ ਕੁ ਜਨੂੰਨੀਆਂ ਨੂੰ ਕਾਬੂ ਕਰਨ ਲਈ ਜੋ ਇਹ ਕਾਰਵਾਈ ਕੀਤੀ ਗਈ ਹੈ ਜਾਂ ਬਾਅਦ ਵਿਚ ਜੋ ਹੋਇਆ ਹੈ, ਜਿਸ ਰਾਹੀਂ ਇਕ ਫਿਰਕੇ ਨੂੰ ਬੇਇਜ਼ਤ ਕੀਤਾ ਗਿਆ ਹੈ, ਉਸਨੂੰ ਅਸੀਂ ਗ਼ਲਤ ਸਮਝਦੇ ਹਾਂ।

o ਦਰਬਾਰ ਸਾਹਿਬ ਵਿਚ ਹੋਏ ਨੁਕਸਾਨ ਦੀ ਮੁਰੰਮਤ ਸਿੱਖ ਮਰਿਯਾਦਾ ਦੇ ਅਨੁਸਾਰ ਸਿੱਖਾਂ ਦੀ ਪ੍ਰਵਾਨਗੀ ਨਾਲ ਹੋਣੀ ਚਾਹੀਦੀ ਹੈ। ਸਰਕਾਰ ਦੀ ਇਸ ਮਾਮਲੇ ਵਿਚ ਦਖ਼ਲਅੰਦਾਜ਼ੀ ਫੌਰਨ ਬੰਦ ਕੀਤੀ ਜਾਣੀ ਚਾਹੀਦੀ ਹੈ।

o 6 ਜੂਨ ਦਾ ਦਿਨ ਉਹਨਾਂ ਸਾਰੇ ਲੋਕਾਂ ਲਈ ਪ੍ਰਾਰਥਨਾ ਦਾ ਦਿਨ ਹੋਵੇ ਜੋ ਪਿਛਲੇ ਸਾਲਾਂ ਵਿਚ ਹਿੰਸਕ ਕਾਰ-ਵਾਈਆਂ ਵਿਚ ਤੇ ਫੌਜੀ ਐਕਸ਼ਨ ਦਰਮਿਆਨ ਮਾਰੇ ਗਏ। ਇਹ ਦਿਨ ਆਪਣੇ ਅੰਦਰ ਝਾਤੀ ਮਾਰਨ ਵਾਲਾ ਵੀ ਹੋਵੇ ਕਿ ਇਹ ਸਭ ਕੁਝ ਕਿਉਂ ਹੋਇਆ? ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਫੌਜ ਦੇ ਹੱਥੋਂ ਜੋ ਹਰਿਮੰਦਰ ਸਾਹਿਬ ਦੀ ਬੇਅਦਬੀ ਹੋਈ ਹੈ, ਤਾਂ ਇਹ ਬੇਅਦਬੀ ਦਾ ਅਮਲ ਪਹਿਲੇ ਵੀ ਗ਼ਲਤ ਕਿਸਮ ਦੀਆਂ ਕਾਰਵਾਈਆਂ ਨਾਲ ਹੋ ਰਿਹਾ ਸੀ।

o ਅਮ੍ਰਿਤਸਰ ਸ਼ਹਿਰ ਬਨਾਰਸ ਤੇ ਹਰਦੁਆਰ ਦੀਆਂ ਲੀਹਾਂ ਤੇ ਇਕ ਧਾਰਮਿਕ ਸ਼ਹਿਰ ਐਲਾਨਿਆ ਜਾਏ।

o ਸਿੱਖਾਂ ਦਾ ਫਰਜ਼ ਹੈ ਕਿ ਇਹ ਵੇਖਣ ਕਿ ਜੋ ਕੁਝ ਉਹਨਾਂ ਦੀ ਖੁਆਰੀ ਹੋਈ ਹੈ, ਉਸ ਵਿਚ ਅਕਾਲੀ ਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਿੰਨੀ ਜ਼ਿੰਮੇਵਾਰੀ ਹੈ। ਅਕਾਲੀ ਪਾਰਟੀ ਇਕ ਇਲਾਕਾਈ ਪਾਰਟੀ ਦੇ ਰੂਪ ਵਿਚ ਤਾਂ ਸਮੁੱਚੇ ਪੰਜਾਬ ਦੇ ਹਿੱਤਾਂ ਲਈ ਸੰਘਰਸ਼ ਕਰ ਸਕਦੀ ਹੈ ਪਰ ਸਿੱਖਾਂ ਦੀ ਇਕ ਧਾਰਮਿਕ ਪਾਰਟੀ ਹੋਣ ਦੀ ਹੈਸੀਅਤ ਵਿਚ ਉਹਦਾ ਇਹ ਹੱਕ ਨਹੀਂ ਬਣਦਾ ਕਿਉਂਕਿ ਪੰਜਾਬ ਕੇਵਲ ਸਿੱਖਾਂ ਦਾ ਨਹੀਂ, ਸਾਰੇ ਫਿਰਕਿਆਂ ਦਾ ਸਾਂਝਾ ਹੈ।

o ਭਿੰਡਰਾਂਵਾਲਾ ਕਾਂਗਰਸ ਦੀ ਦੇਣ ਹੈ ਪਰ ਅਕਾਲੀ ਪਾਰਟੀ ਇਹ ਇਨਕਾਰ ਨਹੀਂ ਕਰ ਸਕਦੀ ਕਿ ਉਸ ਨੇ ਭਿੰਡਰਾਂਵਾਲਾ ਨੂੰ ਅਪਣਾਇਆ ਸੀ ਅਤੇ ਮੋਰਚੇ ਦੇ ਆਗੂਆਂ ਵਿਚੋਂ ਇਕ ਆਗੂ ਦੇ ਤੌਰ ਤੇ ਉਸਨੂੰ ਬਕਾਇਦਾ ਸਥਾਪਿਤ ਕੀਤਾ ਸੀ।

o ਅਕਾਲੀਆਂ ਨੇ ਆਪਣੀਆਂ ਆਰਥਿਕ ਮੰਗਾਂ ਦੇ ਮੋਰਚੇ ਨੂੰ 'ਧਰਮ ਯੁੱਧ' ਦਾ ਨਾਂ ਦੇ ਕੇ ਅਤੇ ਮੋਰਚੇ ਦਾ ਹੈੱਡ-ਕੁਆਟਰ ਦਰਬਾਰ ਸਾਹਿਬ ਵਿਚ ਬਣਾ ਕੇ ਆਪਣੇ ਆਪ ਨੂੰ ਕੱਟੜਪੰਥੀਆਂ ਦਾ ਕੈਦੀ ਬਣਾ ਲਿਆ ਅਤੇ ਸਰਕਾਰ ਨੂੰ ਇਹ ਬਹਾਨਾ ਜਾਂ ਮੌਕਾ ਦਿਤਾ ਕਿ ਉਹ ਦਰਬਾਰ ਸਾਹਿਬ ਵਿਰੁੱਧ ਫੌਜੀ ਕਾਰਵਾਈ ਕਰੇ।

o ਸਮੁੱਚੇ ਸਿੱਖਾਂ ਨੂੰ ਆਪਣੇ ਆਪ ਨੂੰ ਦੋਸ਼ੀ ਮੰਨਣਾ ਚਾਹੀਦਾ ਹੈ ਕਿ ਦਰਬਾਰ ਸਾਹਿਬ ਵਿਚ ਜਾਂ ਦਰਬਾਰ ਸਾਹਿਬ ਵਿਚ ਰਹਿ ਰਹੇ ਲੋਕਾਂ ਵੱਲੋਂ ਬਾਹਰ ਨਿਕਲ ਕੇ ਜੋ ਗ਼ਲਤ ਕਾਰਵਾਈਆਂ ਹੋ ਰਹੀਆਂ ਸਨ, ਉਹ ਬਹੁਤ ਹੱਦ ਤੱਕ ਇਹਨਾਂ ਬਾਰੇ ਚੁੱਪ ਦਰਸ਼ਕ ਕਿਉਂ ਰਹੇ? ਉਹਨਾਂ ਨੂੰ ਅਸਰਦਾਇਕ ਤਰੀਕੇ ਨਾਲ ਇਹਨਾਂ ਵਿਰੁੱਧ ਦਖ਼ਲਅੰਦਾਜ਼ੀ ਕਰਨੀ ਚਾਹੀਦੀ ਸੀ ਅਤੇ ਇਹ ਉਹਨਾਂ ਦਾ ਹੱਕ ਵੀ ਬਣਦਾ ਸੀ ਕਿਉਂਕਿ ਦਰਬਾਰ ਸਾਹਿਬ ਸਾਰੇ ਸਿੱਖਾਂ ਦਾ ਇਕ ਸਾਂਝਾ ਅਸਥਾਨ ਹੈ।

o ਅਕਾਲੀਆਂ ਨੇ ਜੋ ਗ਼ਲਤੀਆਂ ਕੀਤੀਆਂ ਹਨ, ਉਹਨਾਂ ਨੂੰ ਸਹੀ ਕਰਨ ਲਈ ਐਲਾਨੀਆਂ ਆਖਿਆ ਜਾਏ:

oo ਅਸੀਂ ਹਿੰਦੋਸਤਾਨ ਦੇ ਇਕ ਇੱਜ਼ਤਦਾਰ ਸ਼ਹਿਰੀ ਦੀ ਹੈਸੀਅਤ ਵਿਚ ਰਹਿਣਾ ਚਾਹੁੰਦੇ ਹਾਂ ਤੇ ਸਾਡਾ ਕੋਈ ਸਿੱਖ ਸਟੇਟ ਬਨਾਉਣ ਦਾ ਇਰਾਦਾ ਨਹੀਂ।

oo ਅਨੰਦਪੁਰ ਰੇਜ਼ੂਲੇਸ਼ਨ ਵਿਚ ਜੋ ਵੀ ਧਾਰਾ ਇਹ ਪ੍ਰਭਾਵ ਦੇਂਦੀ ਹੈ ਕਿ ਅਸੀਂ ਆਪਣਾ ਵੱਖ ਰਾਜ ਬਨਾਉਣਾ ਚਾਹੁੰਦੇ ਹਾਂ, ਉਸਨੂੰ ਖਾਰਜ ਸਮਝਿਆ ਜਾਏ।

oo ਸਾਨੂੰ ਸਿੱਖ ਪਰਸਨਲ ਲਾਅ ਦੀ ਲੋੜ ਨਹੀਂ। ਨਾ ਹੀ ਸਾਨੂੰ ਧਾਰਾ 25 ਦੀ ਕੋਈ ਤਰਮੀਮ ਦੀ ਲੋੜ ਹੈ ਕਿਉਂਕਿ ਸਿੱਖਾਂ ਦੀ ਵੱਖ ਪਹਿਚਾਣ ਦੀ ਲੋੜੀਂਦੀ

ਧਾਰਾ ਪਹਿਲੋਂ ਹੀ ਵਿਧਾਨ ਵਿਚ ਮੌਜੂਦ ਹੈ ।

oo ਹਿੰਦੂ ਸਿੱਖਾਂ ਦੇ ਸਾਂਝੇ ਫੋਰਮ ਉਤੇ ਪੰਜਾਬ ਦੀਆਂ ਮੰਗਾਂ ਪੇਸ਼ ਕੀਤੀਆਂ ਜਾਣ, ਜਿਨ੍ਹਾਂ ਵਿਚ ਚੰਡੀਗੜ੍ਹ ਦੀ ਮੰਗ, ਪਾਣੀਆ ਦੀ ਮੰਗ, ਪੰਜਾਬੀ ਬੋਲਦੇ ਇਲਾਕੇ ਪਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਆਦਿਕ ਆਂਦੇ ਹਨ । ਇਹ ਪੰਜਾਬ ਦੀਆਂ ਸਾਂਝੀਆਂ ਮੰਗਾਂ ਹਨ ।

oo ਹਰੇ ਇਨਕਲਾਬ ਦੇ ਬਾਅਦ ਪੰਜਾਬ ਦਾ ਹੱਕ ਬਣਦਾ ਹੈ ਕਿ ਖੇਤੀ ਨਾਲ ਸਬੰਧਤ ਇੰਡਸਟਰੀ ਜਿਸ ਵਿਚ ਖੰਡ ਮਿੱਲ, ਕਪੜਾ ਮਿੱਲ ਜਾਂ ਕਣਕ ਮੱਕੀ ਦੇ ਪਦਾਰਥਾਂ ਦੀ ਮਿੱਲ ਆਦਿਕ ਆਂਦੀਆਂ ਹਨ, ਪੰਜਾਬ ਵਿਚ ਵੱਡੇ ਪੈਮਾਨੇ ਤੇ ਲਗਾਈਆਂ ਜਾਣ । ਇਹਦੀ ਲੋੜ ਹੈ ਤਾਂ ਜੋ ਪੰਜਾਬੀ ਨੌਜਵਾਨਾਂ ਨੂੰ ਵਿਸ਼ੇਸ਼ ਕਰਕੇ ਪੇਂਡੂ ਖੇਤਰ ਦੇ ਥੱਲਵੇ ਤਬਕੇ ਨੂੰ ਪੂਰਾ ਰੁਜ਼ਗਾਰ ਮਿਲੇ ।

o ਫੌਜ ਦੀ ਨੌਕਰੀ ਪੰਜਾਬੀ ਜਵਾਨਾਂ ਲਈ ਇਕ ਵੱਡਾ ਰੁਜ਼ਗਾਰ ਰਿਹਾ ਹੈ । ਨਵੇਂ ਨਵੇਂ ਫਾਰਮੂਲੇ ਬਣਾ ਕੇ ਰੁਜ਼ਗਾਰ ਦੇ ਸਾਧਨ ਪੰਜਾਬੀਆਂ ਲਈ ਬੰਦ ਨਾ ਕੀਤੇ ਜਾਣ । ਫੌਜ, ਦੇਸ਼ ਦੀ ਏਕਤਾ ਤੇ ਦੇਸ਼ ਦੀ ਰਖਵਾਲੀ ਦੇ ਹਿੱਤ ਵਿਚ ਵੀ, ਇਹ ਕਰਨਾ ਜ਼ਰੂਰੀ ਹੈ ।

o ਬਗ਼ਾਵਤ ਕਰਨ ਵਾਲੇ ਫੌਜੀਆਂ ਨਾਲ ਸਲੂਕ ਉਹਨਾਂ ਹਾਲਾਤਾਂ ਦੀ ਨਜ਼ਰ ਵਿਚ ਕੀਤਾ ਜਾਏ ਜੋ ਫੌਜੀ ਕਾਰਵਾਈ ਨੇ ਪੈਦਾ ਕੀਤੇ ਹਨ ਨਾ ਕਿ ਇਸ ਬਗ਼ਾਵਤ ਨੂੰ ਫੌਜੀ ਅਨੁਸ਼ਾਸਨ ਦੇ ਚੌਖਟੇ ਵਿਚ ਪਰਖਿਆ ਜਾਏ । ਇਸ ਬਗ਼ਾਵਤ ਨੂੰ ਸਿੱਖਾਂ ਵਿਰੁੱਧ ਬੇਵਿਸ਼ਵਾਸੀ ਦਾ ਅਮਲ ਨਾ ਬਣਨ ਦਿਤਾ ਜਾਏ । o

(ਸੂਰੀਆ ਦੇ ਅਗਸਤ ਅੰਕ ਵਿਚੋਂ ਧੰਨਵਾਦ ਸਹਿਤ)

---

ਇਕ ਰੀਪੋਰਟ :

## ਕਿਰਤੀ ਕਿਸਾਨ ਯੂਨੀਅਨ ਜ਼ਿਲਾ ਅੰਮ੍ਰਿਤਸਰ ਦੇ ਸਕੱਤਰ ਜਗਤਾਰ ਸਿੰਘ ਮਾਹਿਲਾਵਾਲਾ ਤੇ ਪੁਲੀਸ ਵੱਲੋਂ ਜਬਰ-ਜ਼ੁਲਮ—ਜਮਹੂਰੀ ਸ਼ਕਤੀਆਂ ਦੇ ਏਕੇ ਦੀ ਲੋੜ

ਇੰਦਰਾ ਕਾਂਗਰਸ ਵੱਲੋਂ ਪੰਜਾਬ ਵਿਚ ਕੀਤੇ ਗਏ ਫੌਜੀ ਐਕਸ਼ਨ ਤੋਂ ਬਾਅਦ ਇਸ ਸਮੇਂ ਪੰਜਾਬ ਪੁਲੀਸ ਸਥਿਤੀ ਦਾ ਫਾਇਦਾ ਉਠਾ ਜਨਤਕ ਲਹਿਰਾਂ ਦੇ ਆਗੂਆਂ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਣਾ ਰਹੀ ਹੈ ਭਾਵੇਂ ਕਿ ਇੰਦਰਾ ਕਾਂਗਰਸ ਨੇ ਪੰਜਾਬ ਵਿਚ ਫੌਜੀ ਐਕਸ਼ਨ ਦੀ ਵਰਤੋਂ ਦਹਿਸ਼ਤਪਸੰਦਾਂ ਦੇ ਖਿਲਾਫ ਕਰਨ ਦਾ ਹੀ ਐਲਾਨ ਕੀਤਾ ਸੀ, ਜਦੋਂ ਇਸ ਸਮੇਂ ਪਬਲਿਕ ਜਲਸਿਆਂ ਤੇ ਪਬੰਦੀ ਹੈ ਅਤੇ ਦਫ਼ਾ 144 ਦੀ ਵਰਤੋਂ ਲਗਾਤਾਰ ਜਾਰੀ ਰਹੀ ਹੈ ਅਤੇ ਕਾਲੇ ਕਾਨੂੰਨਾਂ ਦੇ ਪ੍ਰਛਾਵੇਂ ਥਲੇ ਲੋਕਾਂ ਦੇ ਜਮਹੂਰੀ ਅਧਿਕਾਰਾਂ ਨੂੰ ਕੁਚਲ ਦਿਤਾ ਗਿਆ ਹੈ । ਉਨਾਂ ਸਥਿਤੀਆਂ ਵਿਚ ਪੁਲੀਸ ਅਧਿਕਾਰੀ ਜਿਹੜੇ ਪਿਛਲੇ ਤਿੰਨ ਸਾਲ ਵਿਚ ਅੰਦਰਾਂ ਵਿਚ ਵੜੀ ਬੈਠੇ ਰਹੇ । ਜਿਨ੍ਹਾਂ ਦੇ ਸਾਹਮਣੇ ਨਿਰਦੋਸ਼ਾਂ ਦੇ ਕਤਲ ਹੁੰਦੇ ਰਹੇ, ਡਕੈਤੀਆਂ ਹੁੰਦੀਆਂ ਰਹੀਆਂ ਪਰ ਇਹ ਪੁਲਸੀਏ ਹਮੇਸ਼ਾ ਹੀ ਚੁੱਪ ਕੀਤੇ ਤਮਾਸ਼ਾ ਦੇਖਦੇ ਰਹੇ । ਪਰ ਇਸ ਸਮੇਂ ਉਹ ਦੁਬਾਰਾ ਸ਼ੇਰ ਹੋਣ ਦੇ ਦਾਅਵੇ ਕਰ ਰਹੇ ਹਨ । ਕਿਉਂਜੋ ਇਸ ਸਮੇਂ ਪੁਲੀਸ ਦੇ ਖਿਲਾਫ ਕੀਤੇ ਗਏ ਤਸ਼ੱਦਦ ਦੇ ਕੇਸ ਵਿਰੁੱਧ ਇਸਤਗਾਸਾ ਦਾਇਰ ਕਰਨ ਲਈ ਹੋਮ ਸੈਕਟਰੀ ਦੀ ਇਜਾਜ਼ਤ ਲੈਣੀ ਜ਼ਰੂਰੀ ਹੈ ।

ਇਹਨਾਂ ਹਾਲਤਾਂ ਵਿਚ ਹੱਕ ਸੱਚ ਇਨਸਾਫ ਦੀ ਅਵਾਜ਼ ਬੁਲੰਦ ਕਰਨ ਵਾਲੇ ਆਗੂ ਤੇ ਜਨਤਕ ਜਥੇਬੰਦੀਆਂ ਦੇ ਵਰਕਰਾਂ ਤੇ ਤਸ਼ੱਦਦ ਜਾਰੀ ਹੈ । ਸ੍ਰੀ ਜਗਤਾਰ ਸਿੰਘ ਮਾਹਿਲਾਵਾਲਾ ਜੋ ਕਿ ਕਿਰਤੀ ਕਿਸਾਨ ਯੂਨੀਅਨ ਜ਼ਿਲਾ ਅੰਮ੍ਰਿਤਸਰ ਦੇ ਸਕੱਤਰ ਹਨ ਅਤੇ ਜੋ ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾਂ ਤੇ ਮਿਹਨਤਕਸ਼ਾਂ ਵਿਚ ਹਰਮਨ ਪਿਆਰੇ ਆਗੂ ਹਨ ਅਤੇ ਜਿਨ੍ਹਾਂ ਨੇ ਪਿਛਲੇ ਸਮੇਂ ਵਿਚ ਫਿਰਕੂ ਸਦਭਾਵਨਾ ਲਈ ਬਹੁਤ ਹੀ ਕੰਮ ਕੀਤਾ ਅਤੇ ਫਿਰਕੂ ਸ਼ਕਤੀਆਂ ਦਾ ਡੱਟ ਕੇ ਵਿਰੋਧ ਕੀਤਾ । ਕਾਮਰੇਡ ਜਗਤਾਰ ਸਿੰਘ ਨੂੰ 31 ਜੁਲਾਈ ਥਾਣਾ ਮਜੀਠਾ ਦੀ ਪੁਲੀਸ ਨੇ ਡੀ.ਐਸ.ਪੀ. ਜਸਵੰਤ ਸਿੰਘ ਦੀ ਹਦਾਇਤ ਤੇ ਗ੍ਰਿਫਤਾਰ ਕੀਤਾ ਅਤੇ ਉਸ ਉਪਰ ਫਿਰਕਾਪ੍ਰਸਤੀ ਫੈਲਾਉਣ, ਭਿੰਡਰਾਂਵਾਲਾ ਦਾ ਪੈਰੋਕਾਰ ਹੋਣ ਅਤੇ ਨਜਾਇਜ਼ ਅਸਲੇ ਰੱਖਣ ਦਾ ਦੋਸ਼ ਲਾਏ ਗਏ । ਜਦੋਂ ਕਿ ਕਿਰਤੀ ਕਿਸਾਨ ਯੂਨੀਅਨ ਤੇ ਇਲਾਕੇ ਦੀਆਂ ਪੰਚਾਇਤਾਂ ਨੇ ਇਸ ਸਬੰਧੀ ਬਾਰ ਬਾਰ ਡੀ.ਐਸ.ਪੀ. ਅੱਗੇ ਸਫਾਈ ਪੇਸ਼ ਕੀਤੀ ਅਤੇ ਦਸਿਆ ਕਿ ਇਕ ਅਗਾਂਹਵਧੂ ਜਥੇਬੰਦੀ ਦੇ ਆਗੂ ਨਾਲ ਇਹ ਕਰਨਾ ਠੀਕ ਨਹੀਂ ਹੈ । ਪੁਲੀਸ ਹਿਰਾਸਤ ਵਿਚ ਜਗਤਾਰ ਸਿੰਘ ਨੂੰ ਕਥੂਨੰਗਲ ਥਾਣੇ ਖੜ ਕੇ ਗੋਪਾਲ ਕ੍ਰਿਸ਼ਨ ਥਾਣੇਦਾਰ ਕੋਲ ਬੇਤਹਾਸ਼ਾ ਤਸ਼ੱਦਦ ਕਰਵਾਇਆ ਗਿਆ । ਉਸਦੀਆਂ ਬਾਹਵਾਂ ਬੰਨ ਕੇ ਟੰਗ ਕੇ ਕੱਚੀ ਫਾਂਸੀ ਦਿਤੀ ਗਈ ਅਤੇ ਲੱਤਾਂ ਪਾੜ ਕੇ ਕੁਰਸੀ ਲਾ ਕੇ ਡਸੀਹੇ ਦਿਤੇ ਗਏ ।

ਗੋਪਾਲ ਕ੍ਰਿਸ਼ਨ ਨੇ ਆਪਣੀ ਫ਼ਿਰਕਾਪ੍ਰਸਤੀ ਤਹਿਤ ਕਾਮਰੇਡ ਜਗਤਾਰ ਸਿੰਘ ਨੂੰ ਕਿਹਾ ਕਿ ਤੇਰੀ ਦਾਹੜੀ ਭਿੰਡਰਾਂਵਾਲੇ ਨਾਲ ਮਿਲਦੀ ਹੈ । ਇਸ ਤਸ਼ੱਦਦ ਸਦਕਾ ਜਗਤਾਰ ਸਿੰਘ ਦਾ ਸਰੀਰ ਨਿਢਾਲ ਹੋ ਕੇ ਰਹਿ ਗਿਆ ਅਤੇ

ਬਾਹਵਾਂ ਬੇ-ਹਰਕਤ ਹੋ ਗਈਆਂ ਜੋ ਕਿ ਲਾ-ਇਲਾਜ ਹਨ। ਬਾਅਦ ਵਿਚ ਉਸਨੂੰ ਹੋਰ ਰਫਤੀਸ਼ ਲਈ ਸੀ. ਆਈ. ਏ. ਸਟਾਫ ਅੰਮ੍ਰਿਤਸਰ ਭੇਜਿਆ ਗਿਆ ਕਿਰਤੀ ਕਿਸਾਨ ਯੂਨੀਅਨ ਤੇ ਪੰਚਾਇਤਾਂ ਦਾ ਵਫਦ 6 ਅਗਸਤ ਅੰਮ੍ਰਿਤਸਰ ਦੇ ਐਸ. ਐਸ. ਪੀ. ਨੂੰ ਮਿਲਿਆ ਅਤੇ ਇਹ ਸਾਰੀ ਸਥਿਤੀ ਪੇਸ਼ ਕੀਤੀ ! ਜਦੋਂ ਕਿ ਸੀ. ਆਈ. ਸਟਾਫ ਅੰਮ੍ਰਿਤਸਰ ਦੇ ਇਨਸਪੈਕਟਰਾਂ ਵੀ ਜਗਤਾਰ ਸਿੰਘ ਨੂੰ ਆਪਣੀ ਜਾਂਚ ਵਿਚ ਨਿਰਦੋਸ਼ ਦਸਿਆ। ਲੋਕ ਦਬਾਅ ਤੇ ਜਥੇਬੰਦੀ ਦੇ ਉਪਰਾਲੇ ਸਦਕਾ ਕਿਸਾਨ ਆਗੂ ਨੂੰ ਝੂਠੇ ਕੇਸਾਂ ਤੋਂ ਬਚਾਕੇ 6 ਅਗਸਤ ਨੂੰ ਪੁਲੀਸ ਹਿਰਾਸਤ 'ਚੋਂ ਛਡਾਇਆ ਗਿਆ। ਸੋ ਇਸ ਸਮੇਂ ਸਮੂਹ ਜਮਹੂਰੀ ਸ਼ਕਤੀਆਂ ਦਾ ਇਹ ਪਹਿਲਾ ਫਰਜ਼ ਹੈ ਕਿ ਉਹ ਪੁਲੀਸ ਦੇ ਇਸ ਜਾਬਰ ਵਾਰ ਦਾ ਮੂੰਹ ਤੋੜਵਾਂ ਜੁਆਬ ਦੇਣ ਲਈ ਏਕਾ ਬੁਲੰਦ ਕਰਨ।

o

## ਇਕ ਟਿੱਪਣੀ

ਸ੍ਰੀ ਲੰਕਾ ਵਿਚ ਹੋ ਰਹੀ ਗੜਬੜ ਬਾਰੇ ਭਾਰਤੀ ਦੂਰਦਰਸ਼ਨ ਤੇ ਰੇਡੀਓ ਰਾਹੀਂ ਜੋ ਵੀ ਖਬਰਾਂ ਨਸ਼ਰ ਕੀਤੀਆਂ ਜਾ ਰਹੀਆਂ ਹਨ, ਉਹਨਾਂ ਵਿਚ ਆਮ ਤੌਰ ਤੇ ਹਵਾਲਾ ਬੀ.ਬੀ.ਸੀ. ਜਾਂ ਏ.ਪੀ. ਦਾ ਦਿਤਾ ਜਾਂਦਾ ਹੈ। ਇਹੋ ਹੀ ਏਜੰਸੀਆਂ ਸਨ ਜਦੋਂ ਇਹਨਾਂ ਦਾ ਹਵਾਲਾ ਪਾਕਿਸਤਾਨ ਦੂਰਦਰਸ਼ਨ ਜਾਂ ਰੇਡੀਓ ਭਾਰਤੀ ਪੰਜਾਬ ਦੀਆਂ ਖਬਰ ਨਸ਼ਰ ਕਰਨ ਵੇਲੇ ਦੇਂਦੇ ਸਨ। ਉਸ ਵੇਲੇ ਦਿੱਲੀ ਵਿਚ ਰੋਜ਼ ਇਹਨਾਂ ਖਬਰ ਏਜੰਸੀਆਂ ਵਿਰੁੱਧ ਵਿਖਾਵੇ ਕੀਤੇ ਜਾਂਦੇ ਸਨ ਕਿ ਇਹ ਭਾਰਤ ਦੇ ਬਾਰੇ ਝੂਠ ਖਬਰਾਂ ਦੇਂਦੀਆਂ ਹਨ। ਕੀ ਹੁਣ ਸ੍ਰੀ ਲੰਕਾ ਬਾਰੇ ਇਹ ਖਬਰ ਏਜੰਸੀਆਂ ਸੱਚੀਆਂ ਹੋ ਗਈਆਂ ਹਨ ?

(ਇੰਡੀਅਨ ਐਕਸਪ੍ਰੈਸ ਦੇ ਇਕ ਸੰਪਾਦਕੀ ਵਿਚੋਂ)

ਇਕ ਸੰਖੇਪ ਰਿਪੋਰਟ :

# ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ

ਕਰਾਂਤੀਕਾਰੀ ਸਾਹਿਤ ਸਭਾ ਪੰਜਾਬ 11 ਅਗਸਤ ਨੂੰ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਸਾਹਿਤਕ ਸਮਾਗਮ, ਆਲ ਇੰਡੀਆ ਲੀਗ ਫਾਰ ਰੈਵਿਊਲੇਸ਼ਨਰੀ ਕਲਚਰ ਦੇ ਸਕੱਤਰ ਕਾ. ਕੇ. ਵੀ. ਆਰ, ਗੁਰਸ਼ਰਨ ਸਿੰਘ, ਮਾ. ਖੇਤਾ ਸਿੰਘ, ਚਮਨ ਲਾਲ ਪ੍ਰਭਾਕਰ ਅਤੇ ਜਮਹੂਰੀ ਅਧਿਕਾਰ ਸਭਾ ਮਹਿਰਾਜ ਦੀ ਇਕਾਈ ਦੇ ਪ੍ਰਧਾਨ ਤਿੱਤਰ ਸਿੰਘ ਹੋਰਾਂ ਦੀ ਪ੍ਰਧਾਨਗੀ ਹੇਠ ਚੱਲਿਆ। ਸਭਾ ਵਲੋਂ ਪ੍ਰਕਾਸ਼ਤ ਕੀਤੇ ਗਏ ਚੀਨੀ ਨਾਵਲ 'ਚਮਕਦੇ ਲਾਲ ਸਿਤਾਰੇ' ਦੇ ਪੰਜਾਬੀ ਅਨੁਵਾਦ ਦੀ ਕਾਪੀ ਕਾ. ਕੇ. ਵੀ. ਆਰ. ਨੂੰ ਭੇਂਟ ਕੀਤੀ ਗਈ। ਸਭਾ ਦੇ ਜਨਰਲ ਸਕੱਤਰ, ਕਾ. ਬਾਰੂ ਸਤਵਰਗ ਨੇ 'ਜਸਵੰਤ ਕੰਵਲ ਦਾ ਮੁਲਅੰਕਣ' ਨਾਉਂ ਦਾ ਪਰਚਾ ਪੜਿਆ। ਨਛੱਤਰ ਸਿੰਘ ਗਿੱਲ, ਮਾ. ਖੇਤਾ ਸਿੰਘ, ਚਮਨ ਲਾਲ ਪ੍ਰਭਾਕਰ, ਪਰਮਜੀਤ ਦਰਸ਼ਨ ਨੌਤ, ਤਰਸੇਮ, ਸੁਖਦੇਵ ਪਾਂਧੀ, ਬਲਦੇਵ ਮਸਤੂਆਣਾ, ਲਖਵਿੰਦਰ ਅਤੇ ਰਾਜਿੰਦਰ ਰਾਹੀ ਆਦਿ ਨੇ ਬਹਿਸ 'ਚ ਹਿੱਸਾ ਲਿਆ। ਗੁਰਸ਼ਰਨ ਸਿੰਘ ਨੇ ਬਹਿਸ ਦਾ ਆਰੰਭ ਕੀਤਾ। ਕੰਵਲ ਨੇ ਆਪਣੇ ਵਿਚਾਰ ਪਰਗਟ ਕਰਦਿਆਂ ਆਖਿਆ, "ਮੈਂ ਸਭ ਤੋਂ ਪਹਿਲਾਂ ਸਿਖ ਹਾਂ..." ਕਾ. ਕੇ. ਵੀ. ਆਰ ਨੇ ਬੋਲਦਿਆਂ ਆਖਿਆ, "ਮੈਂ ਰੈਡੀ ਜਾਂ ਹਿੰਦੂ ਹੋਣ ਤੋਂ ਪਹਿਲਾਂ ਇਕ ਕਮਿਊਨਿਸਟ ਹਾਂ।" ਕੰਵਲ ਤੋਂ ਛੁੱਟ ਵਿਚਾਰ ਰੱਖਣ ਵਾਲੇ ਅਲੋਚਕਾਂ ਦੇ ਪਰਚੇ ਨਾਲ ਬੁਨਿਆਦੀ ਮਤਭੇਦ ਨਹੀਂ ਸਨ। ਕੁਝ ਨਾ ਕੁਝ ਮਤਭੇਦ ਜ਼ਰੂਰ ਸਨ। ਉਠੇ ਸਵਾਲਾਂ ਦੇ ਜੁਆਬ ਦਿੰਦਿਆਂ ਬਾਰੂ ਸਤਵਰਗ ਨੇ ਕੰਵਲ ਦੀ ਫਿਰਕੂ ਸਮਝ 'ਤੇ ਬੋਲਦਿਆਂ ਆਖਿਆ ਕਿ, "ਕੰਵਲ ਵਲੋਂ ਲਿਖਤੀ ਰੂਪ 'ਚ ਰਖੇ ਵਿਚਾਰ ਵੀ ਇਹੋ ਸਿੱਧ ਕਰਦੇ ਹਨ ਕਿ ਕੰਵਲ ਦੀ ਸੋਚ ਅਧਿਆਤਮਵਾਦੀ ਹੈ, ਮਾਰਕਸਵਾਦੀ ਨਹੀਂ।" ਬਾਦ 'ਚ ਸਭਾ ਦੇ ਬੁਲਾਰੇ ਵਲੋਂ, ਪੰਜਾਬ ਅੰਦਰਲੀਆਂ ਇਨਕਲਾਬੀ ਸਾਹਿਤਕ ਅਤੇ ਸਭਿਆਚਾਰਕ ਸਾਹਿੱਤਕ ਅਤੇ ਸਭਿਆਚਾਰਕ ਜਥੇਬੰਦੀਆਂ ਦੇ ਏਕੇ ਲਈ ਮਤਾ ਰੱਖਿਆ ਗਿਆ। ਇਸ ਕੰਮ ਦੀ ਜ਼ੁੰਮੇਵਾਰੀ ਗੁਰਸ਼ਰਨ ਸਿੰਘ ਨੂੰ ਸੌਂਪੀ ਗਈ।

ਸੰਗੀਤ ਮੰਡਲੀ ਬਠਿੰਡਾ, ਸੰਗੀਤ ਮੰਡਲੀ ਜੁਗਰਾਜ ਧੌਲਾ, ਸੰਗੀਤ ਮੰਡਲੀ ਸੁਰਜੀਤ ਸ਼ੇਰਪੁਰੀ ਅਤੇ ਜਸਵੰਤ ਪਾਂਧ ਬਲਦੀਪ ਅਤੇ ਅਧਰਾ ਦੀ ਪ੍ਰਸਿੱਧ ਜਨ ਨਾਟਿਆ ਮੰਡਲੀ ਦੇ ਕਲਾਕਾਰ ਕਾ: ਸੰਜੂਆ ਨੇ ਆਪਣੇ ਇਨਕਲਾਬੀ ਐਕਸ਼ਨਾਂ ਭਰਪੂਰ ਗੀਤਾਂ ਨਾਲ ਰਾਤ ਦੇ ਸੱਭਿਆਚਾਰਕ ਪ੍ਰੋਗਰਾਮ 'ਚ ਰੂਹ ਭਰੀ। ਮਾਲਵਾ ਨਾਟਕ ਕਲਾ ਕੇਂਦਰ ਵੱਲੋਂ 'ਅੰਨੇ ਨਿਸ਼ਾਨਚੀ' ਡਰਾਮਾ ਵੀ ਖੇਡਿਆ ਗਿਆ। ਕ:ਸ:ਸ:ਪ: ਦੇ ਬੁਲਾਰੇ ਨੇ ਅਤੇ ਜ:ਅ:ਸ:ਪੰ: ਦੀ ਸਟੇਟ ਕਮੇਟੀ ਮੈਂਬਰ ਡਾਕਟਰ ਜੀਵਨ ਕੌਰ ਨੇ ਪੰਜਾਬ ਦੀ ਵਰਤਮਾਨ ਸਥਿਤੀ 'ਤੇ ਬੋਲਦਿਆਂ, ਪਰੈਸ ਦੀ ਅਜ਼ਾਦੀ 'ਤੇ ਲੱਗੀ ਸੈਂਸਰਸ਼ਿਪ, ਕਾਲੇ ਆਰਡੀਨੈਂਸ ਅਤੇ ਜਮਹੂਰੀ ਹੱਕਾਂ 'ਤੇ ਪੈ ਰਹੇ ਛਾਪਿਆਂ ਦੀ ਨਿਖੇਧੀ ਕੀਤੀ। ਫੌਜ ਨੂੰ ਪੰਜਾਬ 'ਚੋਂ ਤੁਰੰਤ ਵਾਪਸ ਬੁਲਾਉਣ ਦੀ ਮੰਗ ਕੀਤੀ। o

ਕ੍ਰਾਂਤੀਕਾਰੀ ਸਾਹਿਤ ਸਭਾ (ਪੰਜਾਬ)

# ਪੰਜਾਬ ਸੰਕਟ ਦਾ ਵਿਸ਼ਲੇਸ਼ਣ

ਪੰਜਾਬ ਵਿਚ ਵਾਪਰ ਚੁੱਕੀਆਂ ਜਾਂ ਵਾਪਰ ਰਹੀਆਂ ਘਟਨਾਵਾਂ ਹਰ ਇਕ ਸੋਚਣ ਵਾਲੇ ਵਿਅਕਤੀ ਲਈ ਇਕ ਵਡੇ ਫਿਕਰ ਦਾ ਕਾਰਨ ਬਣੀਆਂ ਹੋਈਆਂ ਹਨ। ਇਹਨਾਂ ਦੇ ਵਿਸ਼ਲੇਸ਼ਣ ਲਈ ਇਥੇ ਕੁਝ ਬੁਨਿਆਦੀ ਦਸਤਾਵੇਜ਼ ਵਿਚਾਰ ਚਰਚਾ ਲਈ ਦਿਤੇ ਜਾ ਰਹੇ ਹਨ। ਇਹਦੇ ਨਾਲ ਹੀ ਹਾਸ਼ੀਆ ਲਕੀਰਾਂ ਵਿਚ ਕੁਝ ਸੰਖੇਪ ਲਿਖਤਾਂ ਦਿੱਤੀਆਂ ਜਾ ਰਹੀਆਂ ਹਨ, ਜੋ ਅਸੀਂ ਹੋਰਨਾਂ ਦਸਤਾਵੇਜ਼ਾਂ ਵਿਚੋਂ ਲਈਆਂ ਹਨ। ਮੰਤਵ ਸਹੀ ਲੋਕ ਰਾਇ ਬਨਾਉਣ ਦਾ ਅਤੇ ਸਾਂਝੇ ਐਕਸ਼ਨ ਦਾ ਹੈ।

ਸੰਪਾਦਕ

## 1. ਪੰਜਾਬ ਸਮਸਿਆ ਦੀ ਅਸਲੀਅਤ ਪਛਾਣੀਏ ੦ ਮਾਰਕਸੀ ਵਿਚਾਰ ਮੰਚ, ਪਟਿਆਲਾ

ਭਾਰਤੀ ਹਾਕਮ ਜਮਾਤ ਵਲੋਂ ਪਿਛਲੇ ਦਿਨਾਂ ਵਿਚ, ਪੰਜਾਬ ਦੀ ਧਰਤੀ ਉਤੇ ਛੇੜੀ ਖੂਨੀ ਫ਼ੌਜੀ ਮੁਹਿੰਮ ਨੇ, ਹਰ ਇਨਸਾਫ ਪਸੰਦ ਹਿਰਦੇ ਨੂੰ, ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਹੈ। ਪੰਜਾਬ ਦੇ ਸਮੁੱਚੇ ਜਨਜੀਵਨ ਨੂੰ ਕੋਠਿਆਂ ਵਿਚ ਤਾੜ ਕੇ, ਆਵਾਜਾਈ ਅਤੇ ਸੰਚਾਰ ਸਾਧਨਾਂ ਨੂੰ ਬੰਦ ਕਰਕੇ, ਇਥੋਂ ਤੱਕ ਕਿ ਸਾਇਕਲ ਅਤੇ ਪਸ਼ੂ-ਗੱਡੀਆਂ ਦਾ ਚਲਣਾ ਬੰਦ ਕਰ ਦਿਤਾ ਗਿਆ। ਇਸ ਤਰ੍ਹਾਂ ਸਮੁਚੇ ਸੰਸਾਰ ਨੂੰ ਘੁੱਪ ਹਨੇਰੇ ਵਿਚ ਰਖ ਕੇ ਪੰਜਾਬ ਵਿਚ ਅਤੇ ਖਾਸ ਤੌਰ ਤੇ ਹਰਮੰਦਰ ਸਾਹਿਬ ਵਿਚ ਖੂਨੀ ਕਹਿਰ ਢਾਹਿਆ ਗਿਆ।

ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਦੇ ਲੋਕ, ਭਿੰਡਰਾਂਵਾਲੇ ਅਤੇ ਉਸਦੇ ਧਾਰਮਕ ਕਟੜ ਜਨੂੰਨੀ ਖੂਨੀ ਜਥਿਆਂ ਵਲੋਂ ਵਿੱਢੀ ਹੋਈ ਕਤਲ ਮੁਹਿੰਮ ਕਾਰਣ ਡਰ ਅਤੇ ਦਹਿਸ਼ਤ ਦੇ ਮਾਹੌਲ ਵਿਚੋਂ ਗੁਜ਼ਰ ਰਹੇ ਸਨ। ਹਰ ਇਕ ਨਾਗਰਿਕ, ਖਾਸ ਤੌਰ ਤੇ ਹਿੰਦੂ ਨਾਗਰਿਕ, ਘਰੋਂ ਬਾਹਰ ਜਾਣ ਵੇਲੇ ਇਹੀ ਡਰ ਲੈ ਕੇ ਨਿਕਲਦਾ ਸੀ, ਕਿ ਜਿਉਂਦਾ ਵਾਪਸ ਆ ਸਕਾਂਗਾ ਕਿ ਨਹੀਂ। ਸਰਕਾਰ ਵਲੋਂ ਜਾਣ ਬੁੱਝਕੇ ਕਾਤਲਾਂ ਦੇ ਖਿਲਾਫ਼ ਕਾਰਵਾਈ ਨਾ ਕਰਨਾ, ਪਰ ਆਮ ਲੋਕਾਂ ਤੇ ਕਰਫ਼ਿਊ ਲਾ ਕੇ ਉਨ੍ਹਾਂ ਦਾ ਜਿਊਣਾ ਦੁੱਭਰ ਕਰ ਦੇਣ ਕਾਰਣ, ਲੋਕ ਸਰਕਾਰ ਦੀਆਂ ਨੀਤੀਆਂ ਤੋਂ ਡਾਢੇ ਔਖੇ ਸਨ। ਉਹ ਵਾਰ-ਵਾਰ, ਫਿਰਕੂ ਜਨੂੰਨੀਆਂ ਅਤੇ ਕਾਤਲਾਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਆਪਣੀ ਜਾਨ ਮਾਲ ਦੀ ਸੁਰਖਿਆ ਦੀ ਮੰਗ ਕਰਦੇ ਸਨ।

ਪੰਜਾਬ ਵਿਚੋਂ ਹੋਈ ਫ਼ੌਜੀ ਕਾਰਵਾਈ ਕਾਰਣ, ਸਮਾਜ ਦੇ ਵੱਖ ਵੱਖ ਵਰਗਾਂ ਅਤੇ ਧਰਮਾਂ ਦੇ ਲੋਕਾਂ ਨੇ ਵੱਖੋ ਵੱਖਰੇ ਪ੍ਰਤਿਕਰਮਾਂ ਦਾ ਇਜ਼ਹਾਰ ਕੀਤਾ ਹੈ। ਜਿਥੇ ਹਿੰਦੂ ਜਨਤਾ ਨੇ ਪ੍ਰਗਟ ਅਤੇ ਗੁੱਝੀ ਖੁਸ਼ੀ ਅਤੇ ਰਾਹਤ ਮਿਲਣ ਦਾ ਪ੍ਰਗਟਾਵਾ ਕੀਤਾ ਹੈ। ਉਥੇ ਸਿੱਖ ਜਨਸਮੂਹ ਅਤੇ ਹੋਰ ਇਨਸਾਫ ਪਸੰਦ ਲੋਕਾਂ ਦੇ ਮਨਾਂ ਤੇ ਡੂੰਘੀ ਸੱਟ ਵੱਜੀ ਹੈ। ਭਾਰਤ ਦੀਆਂ ਸਾਰੀਆਂ ਹਾਕਮ ਪਾਰਟੀਆਂ ਨੇ ਇਸ ਫ਼ੌਜੀ ਮੁਹਿੰਮ ਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਹਮਾਇਤ ਕੀਤੀ ਹੈ। ਜਨਤਾ ਪਾਰਟੀ ਦਾ ਮੁਰਾਰਜੀ ਧੜਾ ਲੋਕ ਦਲ, ਸੀ. ਪੀ. ਆਈ. ਅਤੇ ਭਾਰਤੀ ਜਨਤਾ ਪਾਰਟੀ ਇਸ ਕਾਰਵਾਈ ਦੇ ਹੱਕ ਵਿਚ ਹਾਕਮ ਕਾਂਗਰਸ ਪਾਰਟੀ ਤੋਂ ਵੀ ਇਕ ਕਦਮ ਅੱਗੇ ਹਨ ਅਤੇ ਇਸ ਕਾਰਵਾਈ ਦੇ ਪਛੇਤੀ ਹੋਣ ਲਈ ਵੀ ਇੰਦਰਾ ਸਰਕਾਰ ਨੂੰ ਕੋਸ ਰਹੇ ਹਨ। ਜਨਤਾ ਪਾਰਟੀ ਦਾ ਚੰਦਰ ਸ਼ੇਖ਼ਰ ਧੜਾ, ਡੀ. ਐਸ. ਪੀ. (ਬਹੁਗੁਣਾ) ਅਤੇ ਸੀ. ਪੀ. ਐਮ., ਇਸ ਘਟਨਾ ਲਈ ਕਾਂਗਰਸ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ, ਜਿਸ ਦੀਆਂ ਲੋਕ ਦੁਸ਼ਮਣ ਨੀਤੀਆਂ ਅਤੇ ਹੱਠ ਧਰਮੀ ਕਾਰਣ ਇਹ ਘਟਨਾ ਵਾਪਰੀ। ਪਰ ਮੌਜੂਦਾ ਪੜਾਅ ਵਿਚ, ਉਹ ਦਬੇ ਸੁਰ ਵਿਚ ਇਸ ਫ਼ੌਜੀ ਕਾਰਵਾਈ ਦੇ ਹੱਕ ਵਿਚ ਹਨ।

ਪੰਜਾਬ ਵਿਚ ਕੰਮ ਕਰ ਰਹੇ, ਕਮਿ. ਇਨਕਲਾਬੀ ਗਰੁੱਪਾਂ ਵਿਚੋਂ ਯੂਕਰੀ ਨੂੰ ਛੱਡ ਕੇ, ਬਾਕੀਆਂ ਨੇ ਇਸ ਸਮਸਿਆ ਦਾ ਆਪੋ ਆਪਣੇ ਨਜ਼ਰੀਏ ਨਾਲ ਵਿਸ਼ਲੇਸ਼ਨ ਕੀਤਾ ਹੈ। ਜਿਸ ਵਿਚੋਂ ਨਿੱਕੇ ਮੋਟੇ ਨੁਕਸਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਇਸ ਫ਼ੌਜੀ ਕਾਰਵਾਈ ਵਿਰੁਧ ਡਟਵੇਂ ਵਿਰੋਧ ਦਾ ਦਰੁਸਤ ਪੈਂਤੜਾ ਲਿਆ ਹੈ। ਯੂਕਰੀ ਤਾਂ ਅਣਚਾਹੇ ਹੀ ਹਾਕਮ ਜਮਾਤ ਦੇ ਹੱਕ ਵਿਚ ਭੁਗਤ ਗਈ ਹੈ।

ਅਤਿਵਾਦੀਆਂ ਵਲੋਂ ਪੰਜਾਬ ਦੀ ਧਰਤੀ ਉਤੇ ਹਿੰਦੂ-ਸਿੱਖਾਂ ਵਿਚ ਫੁੱਟ ਦੇ ਬੀ ਬੀਜਣ ਅਤੇ ਨਿਰਦੋਸ਼ ਲੋਕਾਂ ਦੇ ਕੀਤੇ ਕਤਲਾਂ ਦੀ ਹਰ ਇਨਸਾਫ ਪਸੰਦ ਵਿਅਕਤੀ ਨੇ ਨਿਖੇਧੀ ਕੀਤੀ ਹੈ। ਭਿੰਡਰਾਂਵਾਲੇ ਵਰਗੇ ਪੁਰਾਣਪੰਥੀ, ਧਾਰਮਕ ਕੱਟੜਵਾਦੀਆਂ ਵਲੋਂ ਸਿੱਖ ਧਰਮ ਨੂੰ ਫੈਲਾਉਣ ਲਈ ਕੀਤੀਆਂ ਔਰੰਗਜ਼ੇਬੀ ਕਾਰਵਾਈਆਂ ਨੇ ਜਿਥੇ ਹਿੰਦੂ ਸਿੱਖਾਂ ਵਿਚ ਨਫ਼ਰਤ ਫੈਲਾਉਣ ਦਾ ਕੋਝਾ ਕਾਰਨਾਮਾ ਕੀਤਾ ਸੀ, ਉਥੇ ਨਾਲ ਹੀ ਇਸਨੇ ਮਧਯੁੱਗ

ਵਿਚੋਂ ਉਠੀ ਅਗਾਂਹ ਵਧੂ ਸਿੱਖ ਲਹਿਰ ਦੇ ਮੂਲ ਤੱਤ ਨਾਲ ਵੀ ਖਿਲਵਾੜ ਕੀਤਾ ਹੈ।

ਹਾਕਮ ਕਾਂਗਰਸ ਹਕੂਮਤ, ਵਿਰੋਧੀ ਸਿਆਸੀ ਪਾਰਟੀਆਂ ਅਤੇ ਇਨਕਲਾਬੀ ਗਰੁੱਪਾਂ ਵਲੋਂ ਅਤਿਵਾਦੀਆਂ ਦੇ ਖਿਲਾਫ਼ ਕੀਤਾ ਜਾ ਰਿਹਾ, 'ਵਿਦੇਸ਼ੀ ਹੱਥ' ਦਾ ਪ੍ਰਚਾਰ ਤੱਤ ਰੂਪ ਵਿਚ ਇਕੋ ਜਿਹਾ ਹੈ। ਇਹ ਨੁਕਤਾ ਡੂੰਘੇ ਵਿਚਾਰ ਦੀ ਮੰਗ ਕਰਦਾ ਹੈ। ਦੁਨੀਆ ਭਰ ਦਾ ਇਤਿਹਾਸ ਦੱਸਦਾ ਹੈ ਕਿ ਹਰ ਇਕ ਲਹਿਰ ਭਾਵੇਂ ਅਗਾਂਹ ਵਧੂ ਹੋਵੇ ਚਾਹੇ ਪਿਛਾਖੜੀ, ਉਸਦੇ ਪਿਛੇ ਕਿਸੇ ਬਾਹਰੀ ਤਾਕਤ ਦਾ ਹੱਥ ਹੋਣ ਦਾ ਇਲਜ਼ਾਮ ਲੱਗਣਾ ਇਕ ਆਮ ਪ੍ਰਚਲਤ ਵਾਕੰਸ਼ ਬਣ ਗਿਆ ਹੈ। ਕਿਸੇ ਨਾ ਕਿਸੇ ਹੱਦ ਤੱਕ ਇਹ 'ਬਦੇਸ਼ੀ ਹੱਥ' ਹਰ ਲਹਿਰ ਪਿੱਛੇ ਕਾਰਜਸ਼ੀਲ ਹੁੰਦਾ ਹੈ, ਪਰ ਇਹ ਕੋਈ ਅਲੋਕਾਰੀ ਗੱਲ ਨਹੀਂ।

ਸੰਸਾਰ ਭਰ ਵਿਚ ਪਸਰੇ ਸਾਮਰਾਜੀ ਪ੍ਰਬੰਧ ਕਾਰਣ ਸਾਮਰਾਜੀ ਤਾਕਤਾਂ ਆਪਸੀ ਖਹਿ ਭੇੜ ਵਿਚ ਉਲਝਿਆ ਹੋਈਆਂ ਹਨ ਅਤੇ ਆਪੋ ਆਪਣੀਆਂ ਖੁਫ਼ੀਆਂ ਏਜੰਸੀਆਂ ਦੀ ਸਹਾਇਤਾ ਨਾਲ ਇੱਕ ਦੂਜੀ ਨੂੰ ਮੈਦਾਨ ਵਿਚੋਂ ਖਦੇੜਣ ਲਈ ਯਤਨਸ਼ੀਲ ਹਨ। ਕਿਸੇ ਵੀ ਖਿਤੇ ਜਾਂ ਦੇਸ਼ਾਂ ਵਿਚ ਉੱਠਣ ਵਾਲੀਆਂ ਲਹਿਰਾਂ ਵਿਚ ਘੁਸਪੈਂਠ ਕਰਕੇ ਉਸਨੂੰ ਆਪਣੇ ਸਾਮਰਾਜੀ ਹਿੱਤਾਂ ਲਈ ਵਰਤਣਾ ਉਨਾਂ ਦੀ ਜਮਾਤੀ ਲੋੜ ਹੈ। ਪਰ ਇਹ ਮਸਲੇ ਦਾ ਇਕ ਪੱਖ ਹੈ, ਜੋ ਕਦੇ ਵੀ ਬੁਨਿਆਦੀ ਸ਼ਕਤੀ ਨਹੀਂ ਰਿਹਾ, ਸਗੋਂ ਇਕ ਗੌਣ ਪੱਖ ਹੈ। ਕਿਸੇ ਵੀ ਲਹਿਰ ਦੇ ਪੈਦਾ ਹੋਣ, ਫੈਲਣ ਅਤੇ ਫੇਲ ਹੋਣ ਵਿਚ ਬੁਨਿਆਦੀ ਪੱਖ ਉਸ ਲਹਿਰ ਦੇ ਅੰਦਰ ਹੁੰਦਾ ਹੈ, ਜੋ ਉਸਦੀ ਸਫਲਤਾ ਜਾਂ ਅਸਫਲਤਾ ਦਾ ਫੈਸਲਾਕੁੰਨ ਤੱਤ ਹੁੰਦਾ ਹੈ, ਬਾਹਰੀ ਤਾਕਤ ਸਿਰਫ਼ ਉਸ ਲਹਿਰ ਨੂੰ ਤੇਜ਼ ਜਾਂ ਮੱਠੀ ਕਰਨ ਦਾ ਹੀ ਕੰਮ ਕਰ ਸਕਦੀ ਹੈ ਅਤੇ ਕਰਦੀ ਰਹੀ ਹੈ। ਲਹਿਰ ਦੇ ਇਸ ਬੁਨਿਆਦੀ ਪਹਿਲੂ ਨੂੰ ਪਰਖਣ ਤੋਂ ਬਿਨਾ ਮਨਚਾਹੇ ਸਿੱਟੇ ਕੱਢਣਾ ਦਰੁਸਤ ਪਹੁੰਚ ਨਹੀਂ ਹੈ।

ਕੁਝ ਇਨਕਲਾਬੀ ਗਰੁਪਾਂ ਦਾ ਇਹ ਨਿਰਣਾ, ਕਿ ਪੰਜਾਬ ਵਿਚਲੀ ਅਕਾਲੀ-ਕੇਂਦਰ ਲੜਾਈ ਵੀ ਸੰਸਾਰ ਪੱਧਰ 'ਤੇ ਭਿੜ ਰਹੀਆਂ ਦੋ ਸਾਮਰਾਜੀ ਮਹਾਂ ਸ਼ਕਤੀਆਂ ਦੀ ਆਪਸੀ ਟੱਕਰ ਦਾ ਹੀ ਅਕਸ ਹੈ। ਨਾਲ ਇਹ ਵੀ ਕਿ ਇਹ ਲੜਾਈ ਸਿਰਫ਼ ਸਾਮਰਾਜ ਦੇ ਭਾੜੇ ਦੇ ਟੱਟੂਆਂ ਵਲੋਂ ਲੜੀ ਜਾ ਰਹੀ ਹੈ ਅਤੇ ਜਦੋਂ ਸਾਮਰਾਜ ਇਸ ਨੂੰ ਬੰਦ ਕਰਨ ਲਈ ਕਹਿ ਦੇਣਗੇ, ਇਹ ਬੰਦ ਹੋ ਜਾਵੇਗੀ। ਕਿੰਨੀ ਸਿੱਧੜ ਫ਼ਾਰਮੂਲੇਸ਼ਨ ਹੈ। ਅਕਾਲੀ ਦਲ ਦੇ ਤਲਵੰਡੀ, ਸੁਖਜਿੰਦਰ ਸਿੰਘ ਅਤੇ ਭਿੰਡਰਾਂਵਾਲੇ ਨੂੰ ਅਤੇ ਕਾਂਗਰਸ ਪਾਰਟੀ ਦੇ ਗਿਆਨੀ ਜ਼ੈਲ ਸਿੰਘ ਗਰੁੱਪ ਨੂੰ ਅਮਰੀਕੀ ਸਾਮਰਾਜ ਦੇ ਏਜੰਟ ਕਹਿਣਾ ਅਤੇ ਅਕਾਲੀ ਦਲ ਦੇ ਬਾਦਲ-ਲੌਂਗੋਵਾਲ ਧੜੇ, ਇੰਦਰਾ ਕਾਂਗਰਸ ਨੂੰ ਰੂਸੀ ਸਮਾਜਕ ਸਾਮਰਾਜ ਦੇ ਪਿੱਠੂਆਂ ਵਿਚ ਵੰਡ ਕੇ, ਇਨ੍ਹਾਂ ਉਪਰੋਕਤ ਦੋਨਾਂ ਧੜਿਆਂ ਨੂੰ ਕ੍ਰਮਵਾਰ ਦੋਵੇਂ ਸਾਮਰਾਜੀ ਤਾਕਤਾਂ ਦੀ ਭਾਰਤ ਵਿਚਲੀ, ਬਿਨ ਤਨਖਾਹੋਂ ਫੌਜ ਦੀ ਲੜਾਈ ਸਿੱਧ ਕਰਨਾ, ਸਿਰੇ ਦੀ ਅਗਿਆਨਤਾ ਦਾ ਹੀ ਇਜ਼ਹਾਰ ਕਿਹਾ ਜਾ ਸਕਦਾ ਹੈ।

ਕਿ ਕਿਸੇ ਵੀ ਖਿੱਤੇ ਜਾਂ ਦੇਸ਼ ਅੰਦਰ ਦੋ ਜਮਾਤਾਂ ਦੀ ਲੜਾਈ ਛਿੜਨੀ ਜਾਂ ਕਿਸੇ ਛੋਟੂ ਸ਼ਰੇਣੀ ਦੇ ਆਪਸੀ ਧੜਿਆਂ ਦੀ ਖਿਚੋਤਾਣ, ਕਿਸੇ 'ਕੱਲੇ ਕਹਿਰੇ ਵਿਅਕਤੀ ਦੇ ਮਨ ਦੀ ਕਾਢ ਹੁੰਦੀ ਹੈ? ਜਾਂ ਉਸ ਪਿੱਛੇ ਕਿਸੇ ਸਾਮਰਾਜੀ ਇੱਛਾ ਦਾ ਰੋਲ ਹੁੰਦਾ ਹੈ? ਲੜਾਈ ਲੜ ਰਹੇ ਵਿਅਕਤੀਆਂ ਜਾਂ ਜਮਾਤਾਂ ਦੇ ਆਪਣੇ ਕੋਈ ਹਿੱਤ ਨਹੀਂ ਹੁੰਦੇ? ਕੀ ਉਹ ਮਹਿਜ਼ ਕਿਸੇ ਦੀ ਚੁੱਕ ਵਿਚ ਆ ਕੇ ਹੀ ਲੜਦੇ ਰਹਿੰਦੇ ਹਨ? ਨਹੀਂ, ਹਰ ਲਹਿਰ, ਉਸ ਖਿੱਤੇ ਦੀਆਂ ਆਪਣੀਆਂ ਸੱਮੱਸਿਆਵਾਂ ਅਤੇ ਮੰਗਾਂ 'ਤੇ ਅਧਾਰਤ ਹੁੰਦੀ ਹੈ। ਬਿਨਾਂ ਕਿਸੇ ਮਸਲੇ ਤੋਂ ਨਾ ਤਾਂ ਕੋਈ ਲਹਿਰ ਉਠ ਸਕਦੀ ਹੈ, ਨਾ ਅੱਗੇ ਵਧ ਸਕਦੀ ਹੈ। ਇਹ ਸਿਰਫ਼ ਲਹਿਰ ਦੀਆਂ ਚਾਲਕ ਸ਼ਕਤੀਆਂ ਉੱਪਰ ਨਿਰਭਰ ਕਰਦਾ ਹੈ ਕਿ ਇਸ ਨੂੰ ਲੋਕ-ਪੱਖ ਵੱਲ ਲੈ ਕੇ ਜਾਂਦੀਆਂ ਹਨ ਜਾਂ ਲੋਕ-ਵਿਰੋਧੀ।

ਪੰਜਾਬ ਵਿਚ ਵਾਪਰੀਆਂ ਦੁਖਦਾਈ ਘਟਨਾਵਾਂ ਲਈ ਮੁਖ ਰੂਪ ਵਿਚ ਹਾਕਮ ਇੰਦਰਾ ਸਰਕਾਰ ਦੋਸ਼ੀ ਹੈ। ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਕਿ ਕਿਵੇਂ ਉਸ ਨੇ ਪੰਜਾਬ ਵਿਚਲੀ ਆਪਣੀ ਮੁਖ ਵਿਰੋਧੀ ਸਿਆਸੀ ਪਾਰਟੀ ਨੂੰ ਖੋਰਾ ਲਾਉਣ ਲਈ ਜਾਣ ਬੁੱਝ ਕੇ ਭਿੰਡਰਾਂ ਵਾਲੇ ਨੂੰ ਸਿਆਸੀ ਪਰਦੇ ਤੇ ਉਭਾਰਿਆ ਅਤੇ ਹਿੰਦੂ ਜਨਤਾ ਵਿਚ ਆਪਣਾ ਵੋਟ ਬੈਂਕ ਸਦਾ ਲਈ ਕਾਇਮ ਕਰਨ ਲਈ ਪਹਿਲਾਂ ਉਨ੍ਹਾਂ ਵਿਚ ਅਤਿਵਾਦੀਆਂ ਦਾ ਸਹਿਮ ਪੈਦਾ ਕੀਤਾ ਅਤੇ ਫੇਰ ਉਨ੍ਹਾਂ ਦੀ ਇਕੋ ਇਕ ਹਿੱਤੂ ਹੋਣ ਦਾ ਭਰਮ ਪੈਦਾ ਕਰਨ ਲਈ ਅਤਿਵਾਦੀਆਂ ਦੇ ਖਿਲਾਫ਼ ਖ਼ੂਨੀ ਕਾਰਵਾਈ ਕੀਤੀ। ਪਿਛਲੇ ਸਮੇਂ ਦੀਆਂ ਘਟਨਾਵਾਂ ਦੌਰਾਨ ਜਿਥੇ ਕਾਂਗਰਸ ਹਕੂਮਤ ਨੇ, ਅਸਾਮ ਐਜੀਟੇਸ਼ਨ ਦੇ ਆਗੂਆਂ ਵਾਂਗ, ਅਕਾਲੀਆਂ ਨੂੰ ਨਿਸਲ ਕਰਨ ਅਤੇ ਵਾਰ ਵਾਰ ਗੱਲ ਬਾਤ ਲਈ ਸੱਦ ਕੇ ਨਿਰਾਸ਼ ਅਤੇ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਉੱਥੇ ਉਹ ਵਕਤੀ ਤੌਰ ਤੇ ਅਕਾਲੀ ਆਗੂਆਂ ਨੂੰ ਹਿੰਦੂ ਅਤੇ ਸਿੱਖ ਜਨਤਾ ਵਿਚੋਂ ਨਿਖੇੜਣ ਵਿਚ ਵੀ ਸਫ਼ਲ ਰਹੀ ਹੈ।

ਇਸ ਕਾਰਵਾਈ ਲਈ ਭਿੰਡਰਾਂਵਾਲਾ ਤਾਂ ਦੋਸ਼ੀ

ਬਣਦਾ ਹੀ ਹੈ, ਜਿਸ ਦੇ ਕਾਲੇ ਕਾਰਨਾਮਿਆਂ ਨੂੰ ਲੋਕ ਕਦੇ ਵੀ ਨਹੀਂ ਭੁਲਾ ਸਕਦੇ। ਪਰ ਅਕਾਲੀ ਦਲ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਦੁਖਾਂਤ ਲਈ ਉਨੇ ਹੀ ਭਾਗੀਦਾਰ ਹਨ। ਜਿਨ੍ਹਾਂ ਨੇ ਆਪਣੀਆਂ ਸੌੜੀਆਂ ਸਿਆਸੀ ਗਰਜਾਂ ਲਈ ਭਿੰਡਰਾਂਵਾਲੇ ਨੂੰ ਹਥਿਆਰ ਦੇ ਤੌਰ ਤੇ ਵਰਤਣ ਦੀ ਕੋਸ਼ਿਸ਼ ਕੀਤੀ।

ਪੰਜਾਬ ਵਿਚੋਂ ਉੱਠੀ ਅਕਾਲੀ ਲਹਿਰ ਨੂੰ ਸਮੁੱਚੇ ਭਾਰਤ ਦੇ ਪ੍ਰਸੰਗ ਵਿਚ ਰੱਖ ਕੇ ਵਾਚਣਾ ਚਾਹੀਦਾ ਹੈ। ਸੰਖੇਪ ਵਿਚ ਮਸਲੇ ਨੂੰ ਲਿਆਂ ਕਿਹਾ ਜਾ ਸਕਦਾ ਹੈ ਕਿ 1947 ਤੋਂ ਬਾਅਦ ਭਾਰਤ ਦੀਆਂ ਵੱਖੋ ਵੱਖਰੀਆਂ ਘੱਟ ਗਿਣਤੀ ਕੌਮੀਅਤਾਂ ਅਤੇ ਘੱਟ ਗਿਣਤੀ ਮਜ਼੍ਹਬਾਂ ਦੇ ਮਸਲੇ ਅਤੇ ਕੇਂਦਰ ਅਤੇ ਰਾਜਾਂ ਦੇ ਆਪਸੀ ਸਬੰਧਾਂ ਦੀ ਅਸਮਾਨਤਾ ਦੇ ਮਸਲੇ ਜਿਉਂ ਦੇ ਤਿਉਂ ਖੜੇ ਹਨ। ਜਿਨ੍ਹਾਂ ਦਾ ਕੋਈ ਹੱਲ ਨਹੀਂ ਕੀਤਾ ਗਿਆ। ਸਗੋਂ ਅਖੌਤੀ ਧਰਮ-ਨਿਰਪੱਖ ਕੇਂਦਰੀ ਸਰਕਾਰ ਭਾਵੇਂ ਕਿਸੇ ਵੀ ਹਾਕਮ ਪਾਰਟੀ ਦੀ ਰਹੀ ਹੋਵੇ, ਇਨ੍ਹਾਂ ਮਸਲਿਆਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਂਦੀ ਆ ਰਹੀ ਹੈ। ਇਸੇ ਕਾਰਣ ਕਦੇ ਪੰਜਾਬ, ਅਸਾਮ, ਆਂਧਰਾ ਪ੍ਰਦੇਸ ਅਤੇ ਕਦੇ ਦੱਖਣੀ ਭਾਰਤ ਦੇ ਬਾਕੀ ਸੂਬਿਆਂ ਵਿਚ ਵਾਰ ਵਾਰ ਲਹਿਰਾਂ ਉਠਦੀਆਂ ਰਹੀਆਂ ਹਨ। ਪਰ ਇਨ੍ਹਾਂ ਮਸਲਿਆਂ ਨੂੰ ਦਰੁਸਤ ਮਾਰਕਸੀ-ਲੈਨਿਨੀ ਸ਼ਕਤੀਆਂ ਵਲੋਂ ਗੰਭੀਰ ਰੂਪ ਵਿਚ ਨਾ ਲੈਣ ਕਾਰਣ ਹਮੇਸ਼ਾਂ ਹੀ ਲੋਟੂ ਜਮਾਤ ਦੀਆਂ ਸਿਆਸੀ ਪਾਰਟੀਆਂ ਉਠਾਉਂਦੀਆਂ ਰਹੀਆਂ ਹਨ। ਜੋ ਆਪਣੇ ਸਿਆਸੀ ਹਿੱਤਾਂ ਕਾਰਣ, ਇਨ੍ਹਾਂ ਪ੍ਰਤੀ ਦਰੁਸਤ ਪਹੁੰਚ ਨਾ ਅਪਣਾ ਕੇ, ਗਲਤ ਕਿਸਮ ਦੇ ਨਾਅਰਿਆਂ ਹੇਠ ਲੜਦੀਆਂ ਰਹੀਆਂ ਹਨ। ਜਿਸ ਕਾਰਣ ਇਨ੍ਹਾਂ ਦਾ ਹੱਲ ਨਾ ਹੋ ਸਕਿਆ। ਸਗੋਂ ਕਈ ਵਾਰੀ ਇਕੋ ਕੌਮੀਅਤ ਵਿਚ ਫੁੱਟ ਪੈ ਜਾਂਦੀ ਰਹੀ ਹੈ। ਪੰਜਾਬ ਇਸ ਦੀ ਉੱਘੀ ਮਿਸਾਲ ਹੈ, ਜਿਥੇ ਪੰਜਾਬੀ ਭਾਸ਼ਾ ਦੇ ਅਧਾਰ ਤੇ ਵੱਖਰੇ ਰਾਜ ਦੀ ਮੰਗ ਸਮੇਂ ਹਿੰਦੂ ਸਿੱਖਾਂ ਦਾ ਆਪਸੀ ਵਿਰੋਧ ਵਿਚ ਖੜ ਜਾਣਾ।

ਅਕਾਲੀ ਦਲ ਜਿੱਥੇ ਪੰਜਾਬ ਦੇ ਮਸਲੇ ਹੱਲ ਕਰਾਉਣ ਲਈ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਪਹਿਲ-ਕਦਮੀ ਕਰਨ ਵਿਚ ਮੋਹਰੀ ਰਿਹਾ ਹੈ, ਉਥ ਇਹ ਆਪਣੀ ਲੜਾਈ ਨੂੰ ਧਰਮ ਦੀ ਰੰਗਤ ਚਾੜ੍ਹ ਕੇ, ਦੂਜੇ ਧਰਮ ਦੇ ਲੋਕਾਂ ਦੇ ਮਨਾਂ ਵਿਚੋਂ ਗੰਭੀਰ ਸ਼ੰਕੇ ਪੈਦਾ ਕਰਨ ਅਤੇ ਫੁੱਟ ਦੇ ਬੀਜ ਬੀਜਣ ਦਾ ਮੰਦ-ਭਾਗਾ ਕੰਮ ਵੀ ਕਰਦਾ ਰਿਹਾ ਹੈ। ਪਰ ਇਸ ਵਿਚ ਹਿੰਦੂ ਧਾਰਮਕ ਜਨੂੰਨੀ ਵੀ ਬਰਾਬਰ ਦੇ ਹਿੱਸੇਦਾਰ ਹਨ, ਜਿਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਪੰਜਾਬੀ

> ਲੋਕਾਂ ਦੇ ਕਟਹਿਰੇ 'ਚ ਖੜੀ ਸੱਭ ਤੋਂ ਘਿਣਾਉਣੀ ਤੇ ਮੁੱਖ ਮੁਜ਼ਰਿਮ ਇੰਦਰਾ ਕਾਂਗਰਸ ਹੈ, ਜਿਹੜੀ, ਭਾਰਤੀ ਸਰਮਾਏਦਾਰੀ ਦੇ ਲੋਟੂ ਰਾਜ ਦੀ ਮਿਆਦ ਵਧਾਉਣ ਲਈ ਇਕ ਹੱਥ, ਦੇਸ਼ ਭਰ ਅੰਦਰ ਲੋਕਾਂ ਨੂੰ ਧਰਮ, ਜਾਤ ਅਤੇ ਇਲਾਕੇ ਦੇ ਅਧਾਰ 'ਤੇ ਪਾੜਨ ਲੜਾਉਣ ਦੀ ਖੇਡ ਖੇਡਦੀ ਹੈ ਅਤੇ ਦੂਜੇ ਹੱਥ, 'ਫੁੱਟਪਾਊ' ਤੇ 'ਵੱਖਵਾਦੀ' ਤਾਕਤਾਂ ਵਿਰੁੱਧ ਜਹਾਦ ਦਾ ਖੇਖਣ ਕਰਦੀ ਹੈ। ਹੈਦਰਾਬਾਦ, ਜੰਮੂ, ਭਿਵੰਡੀ, ਜਲਗਾਉਂ ਹੋਵੇ ਜਾਂ ਕਾਨ੍ਹਪੁਰ; ਅਸਾਮ ਹੋਵੇ ਜਾਂ ਪੰਜਾਬ ਹਰ ਜਗ੍ਹਾ ਇੰਦਰਾ ਕਾਂਗਰਸ ਦੇ ਇਸ ਮੁਜ਼ਰਮਾਨਾ (ਡਬਲ) ਰੋਲ ਨੂੰ ਪਰਤੱਖ ਪਛਾਣਿਆ ਜਾ ਸਕਦਾ ਹੈ। ਅੱਜ ਕਿਸੇ ਕੋਲੋਂ ਵੀ ਇਹ ਹਕੀਕਤ ਗੁੱਝੀ ਨਹੀਂ ਰਹੀ ਕਿ ਇਹ ਇੰਦਰਾ ਕਾਂਗਰਸ ਹੀ ਸੀ ਜਿਸਨੇ, ਆਪਣੇ ਸਿਆਸੀ ਸ਼ਰੀਕ ਅਕਾਲੀ ਦਲ ਨੂੰ ਅੰਦਰੋਂ ਪਾੜ ਲਾਉਣ ਅਤੇ ਸਹਿਮੇ ਹੋਏ ਹਿੰਦੂ ਵੋਟਰਾਂ ਨੂੰ ਆਪਣੇ ਖੰਭਾਂ ਹੇਠ ਲਿਆਉਣ ਦੀ ਗੰਦੀ ਲਾਲਸਾ ਨਾਲ ਪਹਿਲਾਂ ਭਿੰਡਰਾਂਵਾਲੇ ਦੀਆਂ ਫਿਰਕੂ ਕਾਰਵਾਈਆਂ ਨੂੰ ਹਵਾ ਅਤੇ ਹੱਲਾਸ਼ੇਰੀ ਦਿੱਤੀ, ਉਸ ਨੂੰ ਇਕਹੀਰੋ ਵਾਂਗ ਚਮਕਾਇਆ। ਪਰ, ਜਦ ਕਾਂਗਰਸੀ ਆਗੂਆਂ ਦੁਆਰਾ ਕੱਢਿਆ ਇਹ ਬੋਤਲ ਦਾ ਭੂਤ, ਬਾਅਦ 'ਚ, ਖੁਦ ਉਨ੍ਹਾਂ ਦੇ ਰਾਜ ਲਈ ਹੀ ਖਤਰਾ ਅਤੇ ਸਿਰਦਰਦੀ ਬਣ ਗਿਆ ਤਾਂ ਉਹਨਾਂ ਨੇ ਝੱਟ ਆਪਣਾ ਕਾਂਟਾ ਬਦਲ ਲਿਆ। ਉਹਨਾਂ ਦੀ ਮਿਹਰ ਦੀ ਨਜ਼ਰ ਦਿਨਾਂ 'ਚ ਹੀ ਕਹਿਰ ਦੀ ਨਜ਼ਰ 'ਚ ਵਟ ਗਈ। ਸੋ ਕਾਂਗਰਸੀ ਹਾਕਮ ਫਿਰਕਾ-ਪ੍ਰਸਤਾਂ ਪ੍ਰਤੀ ਮਿਹਰਬਾਨ ਹੋਣ ਜਾਂ ਕਹਿਰਵਾਨ—ਉਹ ਇਕੋ ਹੀ ਨੀਤੀ ਦੇ ਇਹਨਾਂ ਦੋ ਬਦਲਵੇਂ ਰੰਗਾਂ ਰਾਹੀਂ ਅਪਣਾ ਇਕੋ ਹੀ ਮਤਲਬ ਪੂਰਾ ਕਰ ਰਹੇ ਹੁੰਦੇ ਹਨ।
>
> (ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ ਇਕ ਦਸਤਾਵੇਜ਼ ਵਿਚੋਂ)

ਕੌਮੀਅਤ ਦ ਅੰਗ ਨਹੀਂ ਮੰਨਿਆ।

ਮੌਜੂਦਾ ਘੋਲ ਦੌਰਾਨ ਵੀ ਅਕਾਲੀ ਦਲ ਨੇ ਇਸ ਨੂੰ 'ਧਰਮ ਯੁੱਧ' ਦਾ ਨਾਂ ਦੇ ਕੇ ਫਿਰਕੂ ਪਹੁੰਚ ਹੀ ਅਖ-ਤਿਆਰ ਕੀਤੀ। ਜਿਸ ਕਾਰਣ ਹਿੰਦੂ ਜਨਤਾ ਅਕਾਲੀਆਂ ਤੋਂ ਹੋਰ ਦੂਰ ਚਲੀ ਗਈ। ਧਰਮਯੁਧ ਦੀ ਆੜ ਹੇਠ ਅਤੇ ਕੇਂਦਰੀ ਸਰਕਾਰ ਦੀਆਂ ਮਾਰੂ ਨੀਤੀਆਂ ਕਾਰਣ ਅਤਿਵਾਦੀਆਂ ਨੂੰ ਵਧਣ ਫੁਲਣ ਦਾ ਮੌਕਾ ਮਿਲਿਆ। ਪੰਜਾਬ ਦੀਆਂ ਮੰਗਾਂ ਮਨਾਉਣ ਲਈ ਅਕਾਲੀਆਂ ਵਲੋਂ ਅਪਣਾਈ ਫਿਰਕੂ ਅਤੇ ਸੌੜੀ ਸਿਆਸੀ ਪਹੁੰਚ ਕਾਰਣ ਮੌਜੂਦਾ ਧਰਮ ਯੁੱਧ ਵੀ ਲੋਕ ਵਿਰੋਧੀ ਹੋ ਨਿਬੜਿਆ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਵੀ ਜੇ ਕੋਈ ਭਲੇਮਾਣਸ

ਪੰਜਾਬ ਦੀ ਕਿਸੇ ਹੱਕੀ ਮਗ ਤੋਂ ਇਨਕਾਰ ਕਰੇ, ਇਹ ਉਸਦੀ ਤੰਗਨਜ਼ਰੀ ਅਤੇ ਅਗਿਆਨਤਾ ਦਾ ਹੀ ਪ੍ਰਗਟਾਵਾ ਹੈ।

ਅਕਾਲੀਆਂ ਵਲੋਂ ਕੇਂਦਰ ਦੇ ਖਿਲਾਫ ਚਲਾਈ ਲਹਿਰ ਨੂੰ ਦੋ ਸਾਮਰਾਜੀ ਸ਼ਕਤੀਆਂ ਦੀ ਆਪਸੀ ਲੜਾਈ ਵਜੋਂ ਪੇਸ਼ ਕਰਨਾ ਕਦੇ ਵੀ ਦਰੁਸਤ ਨਹੀਂ ਕਿਹਾ ਜਾ ਸਕਦਾ। ਭਾਵੇਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਮਰਾਜੀ ਸ਼ਕਤੀਆਂ ਨੇ ਆਪੋ ਆਪਣੇ ਹਿੱਤਾਂ ਨੂੰ ਬਚਾਉਣ ਲਈ ਇਸ ਘੋਲ ਵਿਚ ਵੀ ਆਪਣੇ ਪਿਠੂਆਂ ਦੀ ਮਦਦ ਕੀਤੀ ਹੋਵੇ। ਬਿਨਾਂ ਕਿਸੇ ਠੋਸ ਸਬੂਤ ਤੋਂ ਅਕਾਲੀ ਦਲ ਨੂੰ ਅਮਰੀਕਾ ਦੇ ਏਜੰਟ ਜਾਂ ਭਿੰਡਰਾਂਵਾਲੇ ਨੂੰ ਪਾਕਿਸਤਾਨ, ਅਮਰੀਕਾ ਜਾਂ ਇੰਦਰਾ ਸਰਕਾਰ ਦਾ ਏਜੰਟ ਕਹਿ ਦੇਣ ਨਾਲ ਸਮਸਿਆ ਉਪਰ ਪਾਣੀ ਨਹੀਂ ਫੇਰਿਆ ਜਾ ਸਕਦਾ। ਹੁਣ ਭਿੰਡਰਾਂਵਾਲਾ ਨਹੀਂ ਰਿਹਾ ਜਾਂ ਅਕਾਲੀ ਦਲ ਆਪਣੀ ਲੜਾਈ ਬੰਦ ਕਰ ਦੇਵੇ, ਤਾਂ ਵੀ ਪੰਜਾਬ ਦੀਆਂ ਮੰਗਾਂ ਲਈ ਘੋਲ ਕਿਸੇ ਨਾ ਕਿਸੇ ਰੂਪ ਵਿਚ ਉਠਦਾ ਰਹੇਗਾ। ਜਿਹੜੇ ਸੱਜਣ ਅੱਜ ਫਿਰਕਾਪ੍ਰਸਤੀ ਨੂੰ ਮੁੱਖ ਖਤਰਾ ਮੰਨ ਕੇ ਇਸ ਦੇ ਖ਼ਿਲਾਫ਼ ਲੜਣ ਲਈ ਕਮਰਕਸੇ ਕਰੀ ਫਿਰਦੇ ਹਨ, ਉਹ ਭੁੱਲ-ਜਾਂਦੇ ਹਨ, ਕਿ ਫਿਰਕਾਪ੍ਰਸਤੀ ਕੋਈ ਉਪਰੋਂ ਠੋਸੀ ਚੀਜ਼ ਨਹੀਂ ਹੈ। ਇਹ ਹਿੰਦੁਸਤਾਨ ਦੇ ਸਮਾਜਿਕ ਢਾਂਚੇ ਦੀ ਪੈਦਾਵਾਰ ਹੈ। ਫਿਰਕਾਪ੍ਰਸਤੀ ਕਿਸੇ ਖਾਸ ਵਿਅਕਤੀ ਦੇ ਦਿਮਾਗ਼ ਦੀ ਉਪਜ ਜਾਂ ਕਿਸੇ ਇਕੋ ਦਿਨ ਪੈਦਾ ਹੋਇਆ ਵਰਤਾਰਾ ਨਹੀਂ, ਸਗੋਂ ਲੋਕਾਂ ਦੇ ਮਨਾਂ ਵਿਚ ਲੰਮੇ ਸਮੇਂ ਦੌਰਾਨ ਪੈਦਾ ਹੋਇਆ, ਧਾਰਮਕ, ਸਮਾਜਿਕ ਅਤੇ ਸਭਿਆਚਾਰਕ ਸਮੱਸਿਆਵਾਂ ਹੱਲ ਨਾ ਹੋਣ ਕਾਰਣ, ਅਤੇ ਲੋਕ ਰੋਹ ਨੂੰ ਦਰੁਸਤ ਮੋੜਾ ਨਾ ਮਿਲਣ ਕਾਰਣ, ਆਮ ਜਨਤਾ ਵਲੋਂ ਧਾਰਮਕ ਜਜ਼ਬਾਤਾਂ ਦੇ ਰੂਪ ਵਿਚ ਪ੍ਰਗਟ ਕੀਤਾ ਵਰਤਾਰਾ ਹੈ। ਇਥੋਂ ਤਕ ਕਿ ਲੋਕਾਂ ਦੀਆਂ ਆਰਥਕ ਤੇ ਰਾਜਨੀਤਕ ਸਮੱਸਿਆਵਾਂ ਕਾਰਣ ਪੈਦਾ ਹੋਏ ਰੋਹ ਨੂੰ ਖਾਰਜ ਕਰਨ ਅਤੇ 'ਪਾੜੋ ਤੇ ਰਾਜ ਕਰੋ' ਲਈ ਲੁਟੇਰੀਆਂ ਹਾਕਮ ਜਮਾਤਾਂ ਵਲੋਂ ਲਗਾਤਾਰ ਇਸ ਨੂੰ ਹਥਿਆਰ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਬਹੁ-ਗਿਣਤੀ ਹਿੰਦੂ-ਧਰਮ ਵਲੋਂ ਘੱਟ ਗਿਣਤੀ ਧਰਮਾਂ—ਇਸਲਾਮ, ਬੁੱਧ, ਜੈਨ, ਈਸਾਈ ਅਤੇ ਸਿੱਖ ਧਰਮ ਨੂੰ ਦਬਾ ਕੇ ਰੱਖਣ ਲਈ ਹਰ ਹੀਲਾ ਵਰਤਿਆ ਜਾਂਦਾ ਹੈ। ਜੇ ਘੱਟ ਗਿਣਤੀ ਧਰਮਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ, ਬਹੁ-ਗਿਣਤੀ ਧਰਮ ਵਲੋਂ ਖਤਰਾ ਨਾ ਹੋਵੇ ਤਾਂ 'ਪੰਥ ਖਤਰੇ ਵਿਚ ਹੈ', ਜਾਂ 'ਇਸਲਾਮ ਖਤਰੇ ਵਿਚ ਹੈ' ਵਰਗੇ ਨਾਅਰੇ ਪੈਦਾ ਨਾ ਹੋਣ। ਇਹ ਨਾਅਰੇ ਪੈਦਾ ਹੋਣ ਸਾਰ ਹੀ ਦਮ ਘੁਟ ਕੇ ਖ਼ਤਮ ਹੋ ਜਾਣ, ਜੇ ਇਨ੍ਹਾਂ ਧਰਮਾਂ ਦੀ ਪੈਰੋਕਾਰ ਵੱਡੀ ਜਨਸੰਖਿਆ ਇਨ੍ਹਾਂ ਪਿੱਛੇ ਨਾ ਲੱਗੇ। ਜੇ ਧਰਮ ਦੀ ਕੋਈ ਸਮੱਸਿਆ ਹੀ ਨਹੀਂ ਤਾਂ ਦੱਖਣੀ ਭਾਰਤ ਵਿਚੋਂ ਹਿੰਦੂਆਂ ਵਲੋਂ ਇਸਲਾਮ ਕਬੂਲ ਕਰਨ ਤੇ ਹਿੰਦੂ ਧਰਮੋਂ ਵਲੋਂ ਕਿਉਂ ਚੀਕ-ਚਿਹਾੜਾ ਪਾਇਆ ਜਾਂਦਾ ਹੈ? ਕਿਉ ਪੱਗਾਂ ਵਾਲੇ ਲੋਕਾਂ ਨਾਲ ਬਾਹਰਲੇ ਸੂਬਿਆਂ ਵਿਚ ਨਫ਼ਰਤ ਵਾਲਾ ਵਰਤਾਓ ਕੀਤਾ ਜਾਂਦਾ ਹੈ, ਭਾਵੇਂ ਉਹ ਧਰਮ ਨਿਰਪੱਖ ਅਤੇ ਨਾਸਤਿਕ ਹੀ ਹੋਵੇ।

ਅਕਾਲੀ ਦਲ ਵਲੋਂ ਚਲਾਏ 'ਧਰਮ ਯੁੱਧ' ਨੂੰ ਧਰਮ ਦੇ ਅਧਾਰ ਤੇ ਲੜਾਈ ਨਹੀਂ ਕਿਹਾ ਜਾ ਸਕਦਾ, ਭਾਵੇਂ ਇਸ ਦੇ ਓਪਰੀ ਵਿਸ਼ਲੇਸ਼ਣ ਤੋਂ ਇਹ ਭੁਲੇਖਾ ਪੈਂਦਾ ਹੈ। ਅੱਜ ਦੇ ਯੁੱਗ ਵਿਚ ਭਾਵੇਂ ਲੋਕਾਂ ਦੇ ਮਨਾਂ ਵਿਚ ਧਰਮ ਦਾ ਹਾਲੇ ਵੀ ਚੋਖਾ ਪ੍ਰਭਾਵ ਹੈ। ਪਰ ਨਿਰੋਲ ਧਰਮ ਦੇ ਨਾਉਂ ਉਪਰ ਲੜਾਈ ਨਹੀਂ ਲੜੀ ਜਾ ਸਕਦੀ। ਇਸ ਨੂੰ ਸਿਰਫ਼ ਕੁਝ ਹੱਦ ਤਕ ਹਥਿਆਰ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਇਹ ਗੱਲ ਅਕਾਲੀ ਦਲ ਵੀ ਜਾਣਦਾ ਹੈ, ਇਸੇ ਲਈ ਉਸ ਦਾ ਮੁਖ ਜ਼ੋਰ ਸਿਆਸੀ ਅਤੇ ਆਰਥਕ ਮੰਗਾਂ ਉਪਰ ਹੀ ਕੇਂਦਰਤ ਰਿਹਾ ਹੈ। ਜੇ ਅਕਾਲੀ ਦਲ ਸਿਰਫ਼ ਧਰਮ ਦੇ ਅਧਾਰ ਤੇ ਜਾਂ ਧਾਰਮਕ ਮੰਗਾਂ ਲਈ ਹੀ ਲੜਾਈ ਲੜ ਰਿਹਾ ਹੁੰਦਾ ਤਾਂ ਇਸ ਵੇਲੇ ਜਦੋਂ ਹਾਕਮ ਜਮਾਤ ਨੇ ਸਿਖਾਂ ਦੇ ਸਭ ਤੋਂ ਪਵਿੱਤਰ ਤੀਰਥ ਅਸਥਾਨ ਉਪਰ ਮਾਰੂ ਹਮਲਾ ਕੀਤਾ ਹੈ, ਤਾਂ ਓਹ ਸਿਖ ਜਨਤਾ ਨੂੰ ਕੇਂਦਰੀ ਸਰਕਾਰ ਦੇ ਖਿਲਾਫ ਖੁੱਲੀ ਬਗਾਵਤ ਦਾ ਸੱਦਾ ਦਿੰਦਾ। ਆਮ ਸਿਖ ਜਨਤਾ ਨੂੰ ਵੀ ਧਾਰਮਕ ਮਸਲਿਆਂ ਦੀ ਥਾਂ ਆਰਥਕ ਮੰਗਾਂ ਦੀ ਚਿੰਤਾ ਨਾ ਹੁੰਦੀ, ਤਾਂ ਉਹ ਇਸ ਵੇਲੇ ਹਰ ਹੀਲੇ ਸਰਕਾਰ ਦੇ ਖਿਲਾਫ ਹਥਿਆਰਬੰਦ ਘੋਲ ਵਿਚ ਉੱਠਦੀ। ਪਰ ਇਹ ਸਭ ਕੁੱਝ ਨਹੀਂ ਵਾਪਰਿਆ।

ਅਕਾਲੀ ਦਲ ਜਾਂ ਭਿੰਡਰਾਂਵਾਲੇ ਨੂੰ ਸੀ. ਆਈ. ਏ. ਦਾ ਏਜੰਟ ਕਹਿ ਕੇ ਮੱਸਲੇ ਦਾ ਹੱਲ ਨਹੀਂ ਹੋ ਸਕਦਾ ਵਿਅਕਤੀਗਤ ਰੂਪ ਵਿਚ ਕੋਈ ਆਗੂ ਕਿਸੇ ਸਾਮਰਾਜ ਦਾ ਏਜੰਟ ਹੋ ਸਕਦਾ ਹੈ। ਪਰ ਸਮੁੱਚੀ ਲਹਿਰ ਵਿਚ ਹਿੱਸਾ ਲੈ ਰਹੇ ਲੋਕਾਂ ਨੂੰ ਆਪਣੇ ਹਿੱਤਾਂ ਦੀ ਹੀ ਚਿੰਤਾ ਹੁੰਦੀ ਹੈ, ਇਸੇ ਕਰਕੇ ਹੀ ਲੋਕ ਉਸ ਵਿਚ ਭਾਗ ਲੈਂਦੇ ਹਨ। ਕਿਸੇ ਸਾਮਰਾਜ ਦੇ ਕਹੇ ਤੋਂ ਲੱਖਾਂ ਲੋਕ ਜੇਲਾਂ ਵਿਚ ਨਹੀਂ ਜਾਂਦੇ। ਲੋਕ ਕਿਸੇ ਘੋਲ ਵਿੱਚ ਉਸ ਵੇਲੇ ਹੀ ਹਿੱਸਾ ਲੈਂਦੇ ਹਨ, ਜਦੋਂ ਉਨ੍ਹਾ ਨੂੰ ਇਸ ਵਿੱਚ ਆਪਣੀ ਮੁਕਤੀ ਦਿਖਾਈ ਦਿੰਦੀ ਹੋਵੇ, ਬੇਸ਼ਕ ਉਹ ਭੁਲੇਖੇ ਦਾ ਸ਼ਿਕਾਰ ਹੀ ਹੋਣ। ਜੇ ਕੁਝ ਇਨਕਲਾਬੀ 'ਬੁਧੀਜੀਵੀ'

'ਧਰਮ ਯੁੱਧ' ਦੀ ਬੁਨਿਆਦ ਨੂੰ ਸਮਝੇ ਬਿਨਾਂ, ਇਸਨੂੰ ਬਦੇਸ਼ੀ ਸ਼ਕਤੀਆਂ ਦੇ ਇਸ਼ਾਰੇ ਤੇ ਚਲਾਈ ਖਾਲਿਸਤਾਨ ਦੀ ਲਹਿਰ ਦੱਸਦੇ ਹਨ ਅਤੇ ਇਸ 'ਧਰਮ ਯੁੱਧ' ਦੇ ਆਗੂਆਂ ਨੂੰ ਬਦੇਸ਼ੀ ਤਾਕਤਾਂ ਦੇ ਹੱਥਾਂ ਦੀਆਂ ਕਠ-ਪੁਤਲੀਆਂ ਹੀ ਸਮਝਦੇ ਹਨ, ਫੇਰ ਤਾਂ ਉਨ੍ਹਾਂ ਦੀ ਬੁੱਧੀ ਤੇ ਤਰਸ ਹੀ ਕੀਤਾ ਜਾ ਸਕਦਾ ਹੈ। ਕੀ-ਕੋਈ ਲਹਿਰ ਸਿਰਫ਼ 'ਬਾਹਰੀ ਤਾਕਤ' ਦੇ ਸਿਰ 'ਤੇ, ਇੰਨਾ ਲੰਮਾ ਸਮਾਂ ਚੱਲ-ਸਕਦੀ ਹੈ ? ਕੀ ਲਹਿਰ ਦੀ 'ਅੰਦਰੂਨੀ ਤਾਕਤ' ਦਾ ਕੋਈ ਰੋਲ ਨਹੀਂ ਹੁੰਦਾ ? ਇਹ ਕਿਹੋ ਜਿਹਾ ਵਿਰਧ-ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ ਹੈ ਦੋਸਤੋ ! ਜਿਹੜਾ 'ਧਰਮ ਯੁੱਧ' ਦੀਆਂ ਅੰਦਰੂਨੀ ਚਾਲਕ ਸ਼ਕਤੀਆਂ ਉਪਰ ਲੀਕ ਫੇਰਦਾ ਹੈ।

ਇਸ ਨੁਕਤੇ ਨੂੰ ਦੂਜੇ ਪਾਸਿਉਂ ਲਿਆਂ, ਜਿਵੇਂ ਲੁਟੇਰੀ ਜਮਾਤ ਇਨਕਲਾਬੀਆਂ 'ਤੇ ਦੋਸ਼ ਲਾਉਂਦੀ ਹੈ ਕਿ ਉਹ ਰੂਸ ਜਾਂ ਚੀਨ ਦੇ ਏਜੰਟ ਹਨ। ਕੀ ਅਸੀਂ ਇਹ ਗੱਲ ਵੀ ਮੰਨ ਲਈਏ ? ਕੀ ਇਸਦਾ ਮਤਲਬ ਇਹ ਹੈ ਕਿ ਅਸੀਂ ਸਿਰਫ ਰੂਸ ਜਾਂ ਚੀਨ ਦੇ ਕਹੇ ਤੋਂ ਹੀ ਇਨ-ਕਲਾਬ ਕਰਨਾ ਚਾਹੁੰਦੇ ਹਾਂ, ਜਾਂ ਭਾਰਤ ਦੇ ਮਿਹਨਤਕਸ਼ ਲੋਕਾਂ ਦੀ ਲੋੜ ਹੈ ?

ਦੋਸਤੋ ! ਅੱਕੀਂ ਪਲਾਹੀਂ ਹੱਥ ਮਾਰਨ ਦੀ ਬਜਾਏ, ਮਸਲੇ ਦਾ ਗੰਭੀਰਤਾ ਨਾਲ ਅਧਿਐਨ ਕਰੋ। ਕੇਂਦਰੀ ਸਰਕਾਰ ਵਲੋਂ ਅਤਿਵਾਦੀਆਂ ਨੂੰ ਖਤਮ ਕਰਨ ਦੇ ਨਾਂ ਹੇਠ ਸਮੁੱਚੇ ਪੰਜਾਬੀ ਲੋਕਾਂ ਤੇ ਵਾਹੇ ਜਬਰ ਦੇ ਕੁਹਾੜੇ ਦਾ ਮੂੰਹ ਮੋੜਣ ਲਈ ਜਨਤਾ ਨੂੰ ਇਕ ਜੁੱਟ ਕਰਨ ਦੀ ਲੋੜ ਹੈ। ਮੌਜੂਦਾ ਸਮੇਂ ਵਿਚ ਲੁਟੇਰੀਆਂ ਜਮਾਤਾਂ ਦਾ ਕੋਈ ਵੀ ਧੜਾ, ਲੋਕਾਂ ਦੇ ਮਸਲਿਆਂ ਦਾ ਹੱਲ ਨਹੀਂ ਕਰ ਸਕਦਾ, ਬੇਸ਼ਕ ਉਹ ਇਨ੍ਹਾਂ ਨੂੰ ਲੈਕੇ ਸਰਕਾਰ ਦੇ ਖਿਲਾਫ ਕਿੰਨਾ ਵੀ ਸੰਘਰਸ਼ ਕਿਉਂ ਨਾ ਕਰੇ। ਸਿਰਫ ਇਨਕਲਾਬੀ ਸ਼ਕਤੀਆਂ ਦਾ ਏਕਾ ਅਤੇ ਸੰਘਰਸ਼ ਹੀ ਲੋਕ-ਮੁਕਤੀ ਦਾ ਇੱਕੋ-ਇੱਕ ਹੱਲ ਹੈ। o

> ਧਾਰਮਿਕ ਮੁੜ-ਸੁਰਜੀਤੀ ਦੇ ਰੂੜੀਵਾਦੀ ਰਹਿਨੁਮਾ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸਿੱਖ ਜਨਤਾ ਦੇ ਇਕ ਹਿੱਸੇ ਅੰਦਰ ਫਿਰਕੂ ਜਨੂੰਨ ਭੜਕਾ ਕੇ ਪੰਜਾਬ ਅੰਦਰ ਫਿਰਕੂ ਦਹਿਸ਼ਤਪਸੰਦੀ ਦੀ ਜੋ ਖੇਡ ਖੇਡੀ ਹੈ, ਇਸ ਨਾਲ ਸਹੀ ਮਾਹਣਿਆਂ 'ਚ, ਲੋਕਾਂ ਦੀ ਜਮਾਤੀ ਤਾਕਤ ਤੇ ਇਕਮੁੱਠਤਾ ਨੂੰ ਭਾਰੀ ਹਰਜਾ ਪਹੁੰਚਿਆ ਹੈ ਅਤੇ ਲੁਟੇਰੇ ਭਾਰਤੀ ਹਾਕਮਾਂ ਨੂੰ ਇਸ 'ਚੋਂ ਫਾਇਦਾ ਤੇ ਤਕੜਾਈ ਹੀ ਮਿਲੀ ਹੈ। ਇਸ ਕਰਕੇ, ਅਸੀਂ ਇਨਕਲਾਬੀ ਕਮਿਊ-ਨਿਸਟ, ਭਿੰਡਰਾਂਵਾਲੇ ਦੀ ਫਿਰਕੂ ਦਹਿਸ਼ਤਪ੍ਰਸਤੀ ਦਾ ਖੁਲ੍ਹੇ ਆਮ ਤੇ ਡਟਵਾਂ ਵਿਰੋਧ ਕਰਦੇ ਰਹੇ ਹਾਂ ਅਤੇ ਲੋਕਾਂ ਨੂੰ ਇਸ ਫਿਰਕੂ ਵਬਾ ਵਿਰੁੱਧ ਡਟਣ ਲਈ ਕਹਿੰਦੇ ਰਹੇ ਹਾਂ। ਪਰ ਅੱਜ ਭਾਰਤ ਦੇ ਫਿਰਕੂ ਹਾਕਮਾਂ ਹੱਥੋਂ ਭਿੰਡਰਾਂਵਾਲੇ ਦੇ ਸਫਾਏ ਨਾਲ ਕਿਸੇ ਨੂੰ ਇਹ ਭਰਮ ਨਹੀਂ ਹੋ ਜਾਣਾ ਚਾਹੀਦਾ ਕਿ ਹੁਣ ਫਿਰਕਾਪ੍ਰਸਤੀ ਦਾ ਅਸਲੀ ਮੁਜਰਿਮ ਤੇ ਇਸਦੀ ਅਸਲੀ ਜੜ੍ਹ ਖਤਮ ਹੋ ਗਈ ਹੈ। ਗੱਲ ਇਉਂ ਨਹੀਂ। ਭਿੰਡਰਾਂਵਾਲਾ ਫਿਰਕਾਪ੍ਰਸਤੀ ਦਾ ਅਸਲੀ ਦੋਸ਼ੀ ਤੇ ਇਸਦੀ ਅਸਲੀ ਜੜ੍ਹ ਨਹੀਂ ਸੀ। ਉਹ ਤਾਂ ਫਿਰਕਾਪ੍ਰਸਤੀ ਦਾ ਮਹਿਜ ਇਕ ਹੱਥਾ (Vehicle) ਜਦ ਕਿ ਇਸ ਹੱਥੇ ਨੂੰ ਪਾਲਣ ਪੋਸਣ ਤੇ ਵਰਤਣ ਵਾਲੀਆਂ ਕਾਲੀਆਂ ਤਾਕਤਾਂ ਹੋਰ ਸਨ—ਜੋ ਇਸ ਸਾਰੇ ਖੂਨ-ਖਰਾਬੇ 'ਚੋਂ ਨਾ ਸਿਰਫ ਸਹੀ-ਸਲਾਮਤ ਬਚ ਨਿਕ-ਲੀਆਂ ਸਨ ਸਗੋਂ ਹੋਰ ਵੱਧ ਤਕੜੀਆਂ ਹੋਈਆਂ ਹਨ।
>
> (ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ ਇਕ ਦਸਤਾਵੇਜ਼ ਵਿਚੋਂ)

## 2. ਪੰਜਾਬ ਅੰਦਰ ਅਕਾਲੀ ਐਜੀਟੇਸ਼ਨ ਬਾਰੇ ਰੀਵੀਊ ਰਿਪੋਰਟ o ਹਰਬੰਸ

ਪੰਜਾਬ ਅੰਦਰ ਪਿਛਲੇ ਲੰਬੇ ਸਮੇਂ ਤੋਂ ਚਲੀ ਆ ਰਹੀ ਅਕਾਲੀ-ਐਜੀਟੇਸ਼ਨ ਬਾਰੇ ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਵੱਖ ਦ੍ਰਿਸ਼ਟੀਕੋਣ ਉਭਰੇ ਹਨ। ਇਹਨਾਂ ਦ੍ਰਿਸ਼ਟੀਕੋਣਾਂ ਵਿਚਕਾਰ ਗੰਭੀਰ ਬਹਿਸ ਭੇੜ ਰਾਹੀਂ ਦਰੁੱਸਤ ਸਿਟੇ ਕੱਢਣਾ, ਅਜਿਹੀਆਂ ਐਜੀਟੇਸ਼ਨਾਂ ਪ੍ਰਤੀ ਦਰੁੱਸਤ ਨੀਤੀ ਤਹਿ ਕਰਨਾ, ਕਮਿ. ਇਨ. ਲਹਿਰ ਸਾਹਮਣੇ ਖੜਾ ਫੌਰੀ ਸਿਆਸੀ ਕਾਰਜ ਹੈ। ਹੇਠਲੀ-ਲਿਖਤ ਕਮਿ. ਇਨ. ਲਹਿਰ ਅੰਦਰ ਉਭਰੇ ਵੱਖ ਵੱਖ ਦ੍ਰਿਸ਼ਟੀਕੋਣਾਂ ਵਿਚਕਾਰ ਬਹਿਸ ਭੇੜ ਨੂੰ ਮਹਤਵਪੂਰਨ ਸਵਾਲਾਂ ਉਪਰ ਕੇਂਦਰਤ ਕਰਨ ਦਾ ਇਕ ਯਤਨ ਹੈ।

### ਐਜੀਟੇਸ਼ਨ ਦੀ ਉਤਪਤੀ ਦੇ ਕਾਰਨ

ਪੰਜਾਬ ਅੰਦਰ ਅਕਾਲੀ ਐਜੀਟੇਸ਼ਨ ਦੀ ਉਤਪਤੀ ਦਾ ਕਾਰਣ ਹਾਕਮ ਸਰਮਾਏਦਾਰ ਜਮਾਤ ਦੇ ਦੋ ਧੜਿਆਂ—ਅਜਾਰੇਦਾਰ ਸਰਮਾਏਦਾਰੀ ਤੇ ਗੈਰ ਅਜਾਰੇਦਾਰ ਸਰਮਾਏਦਾਰੀ-ਵਿਚਕਾਰ ਵਿਰੋਧ (Contradiction) ਦਾ ਤਿੱਖਾ ਹੋਣਾ ਹੈ। ਜਾਂ, ਜਿਸ ਦਾ ਉਹੀ ਭਾਵ ਹੈ, ਅਜਾਰੇਦਾਰ ਸਰਮਾਏਦਾਰੀ ਦੀ ਪ੍ਰਤੀਨਿਧ ਕਾਂਗਰਸ (ਆਈ) ਸਰਕਾਰ ਅਤੇ ਗੈਰ ਅਜਾਰੇਦਾਰ ਸਰਮਾਏਦਾਰੀ ਦੀ ਪ੍ਰਤੀਨਿਧ ਅਕਾਲੀ ਦਲ ਵਿਚਕਾਰ ਸਿਆਸੀ ਜਦੋਜਹਿਦ ਹਾਕਮ ਸਰਮਾਏਦਾਰ ਜਮਾਤ ਦੇ ਦੋਵਾਂ ਧੜਿਆਂ—ਅਜਾਰੇਦਾਰੇ ਤੇ ਗੈਰ-

ਅਜਾਰੇਦਾਰ ਧੜੇ—ਵਿਚਕਾਰ ਤਿਖੀ ਹੋਈ ਵਿਰੋਧਤਾਈ ਦਾ ਹੀ ਪ੍ਰਗਟਾਅ ਹੈ।

ਪੰਜਾਬ ਅੰਦਰ ਅਕਾਲੀ ਐਜੀਟੇਸ਼ਨ ਦਾ ਕਾਰਣ ਬਣੀ ਇਸ ਵਿਰੋਧਤਾਈ ਦੇ ਆਪਣੇ ਆਮ ਤੇ ਖਾਸ (General and Particular) ਦੋਵੇਂ ਪੱਖ (aspect) ਹਨ। ਇਸ ਸਮੇਂ ਸੰਸਾਰ ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀ ਗੰਭੀਰ ਆਰਥਕ-ਰਾਜਨੀਤਕ ਸੰਕਟ ਵਿਚੋਂ ਲੰਘ ਰਹੀ ਹੈ। ਭਾਰਤ ਸੰਸਾਰ ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀ ਦਾ ਅੰਗ ਹੋਣ ਕਰਕੇ ਇਸ ਸੰਕਟ ਦੀ ਮਾਰ ਤੋਂ ਬਚਿਆ ਨਹੀਂ ਰਹਿ ਸਕਦਾ। ਭਾਰਤ ਅੰਦਰ ਆਰਥਕਤਾ ਤੇ ਰਾਜਨੀਤਕ ਤਾਕਤ ਉੱਪਰ ਕਾਬਜ਼ ਅਜਾਰੇਦਾਰ ਸਰਮਾਏਦਾਰੀ ਇਸ ਸੰਕਟ ਦਾ ਬੋਝ ਲਗਾਤਾਰ, ਮਜ਼ਦੂਰ ਜਮਾਤ ਤੇ ਛੋਟੇ ਪੈਮਾਨੇ ਦੇ ਜਿਣਸ ਉਤਪਾਦਕਾਂ ਦੇ ਨਾਲ ਨਾਲ ਹਾਕਮ ਜਮਾਤ ਦੇ ਇੱਕ ਹਿੱਸੇ—ਗੈਰ ਅਜਾਰੇਦਾਰ ਸਰਮਾਏਦਾਰੀ—ਉਪਰ ਵੀ ਲਗਾਤਾਰ ਵਧਦੀ ਮਾਤਰਾ 'ਚ ਸੁੱਟੀ ਜਾ ਰਹੀ ਹੈ। ਸਿੱਟੇ ਵਜੋਂ ਹਾਕਮ ਸਰਮਾਏਦਾਰ ਜਮਾਤ ਦੇ ਦੋਵਾਂ ਧੜਿਆਂ—ਅਜਾਰੇਦਾਰ ਤੇ ਗੈਰ ਅਜਾਰੇਦਾਰ ਸਰਮਾਏਦਾਰੀ—ਵਿਚਕਾਰ ਵਿਰੋਧ ਲਗਾਤਾਰ ਤਿੱਖਾ ਹੋ ਰਿਹਾ ਹੈ। ਇਹ ਉਪ੍ਰੋਕਤ ਵਿਰੋਧਤਾਈ ਦਾ ਆਮ ਪੱਖ (General aspect) ਹੈ।

ਪਿਛਲੇ ਸਮੇਂ 'ਚ, ਪੰਜਾਬ ਅੰਦਰ ਖੇਤੀਬਾੜੀ ਸੈਕਟਰ 'ਚ ਮਸ਼ੀਨਰੀ, ਖਾਦਾਂ, ਸੁਧਰੇ ਬੀਜਾਂ ਕੀਟ ਤੇ ਨਦੀਨ-ਨਾਸ਼ਕ ਦਵਾਈਆਂ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ। ਖੇਤੀ ਸੈਕਟਰ 'ਚ ਹੋਈ ਇਸ ਤਕਨੀਕੀ ਉਨਤੀ (ਪੈਦਾਵਾਰੀ ਸ਼ਕਤੀਆਂ ਦਾ ਵਿਕਾਸ) ਕਾਰਨ ਵੱਡੇ ਭੂਮੀ ਪਤੀ ਐਗਰੀਕਲਚਰਲ (ਪੇਂਡੂ) ਸਰਮਾਏਦਾਰੀ 'ਚ ਤਬਦੀਲ ਹੋ ਗਏ ਹਨ ਅਤੇ ਖੇਤੀ ਸੈਕਟਰ 'ਚ ਹੋਈ ਇਸ ਤਕਨੀਕੀ ਉਨਤੀ ਕਾਰਨ ਮਜ਼ਦੂਰ ਜਮਾਤ ਦੀ ਲੁਟ ਖਸੁੱਟ ਕਰਨ ਦੀ ਵਧੀ ਸਮਰਥਾ ਕਾਰਨ ਪੈਦਾਵਾਰ 'ਚ ਹੋਏ ਤੇਜ਼ ਰਫਤਾਰ ਵਾਧੇ ਦੇ ਸਿੱਟੇ ਵਜੋਂ ਇਸ ਐਗਰੀਕਲਚਰਲ ਸਰਮਾਏਦਾਰੀ ਦਾ ਸਰਮਾਇਆ ਤੇਜ਼ੀ ਨਾਲ ਵਧਿਆ ਹੈ। ਸਰਮਾਏ ਦੇ ਇਸ ਵਾਧੇ ਕਾਰਨ ਇਸ ਸਰਮਾਏਦਾਰੀ ਦੀਆਂ ਇੰਡਸਟਰੀਅਲ ਸੈਕਟਰ ਅੰਦਰ ਸਮਾਇਆ ਲਾਉਣ ਦੀਆਂ ਲੋੜਾਂ ਵਿਕਸਤ ਹੋਈਆਂ ਹਨ। ਪਰ ਇੰਡਸਟਰੀਅਲ ਸੈਕਟਰ ਅੰਦਰ ਇਸ ਦਾ ਪੇਚਾ ਅਜਾਰੇਦਾਰ ਸਰਮਾਏਦਾਰ ਨਾਲ ਪੈਣਾ ਹੈ ਜਿਹੜੀ ਪਹਿਲਾਂ ਹੀ ਇੰਡਸਟਰੀਅਲ ਸੈਕਟਰ ਅੰਦਰ ਮੌਜੂਦ ਗੈਰ ਅਜਾਰੇਦਾਰ ਸਰਮਾਏਦਾਰੀ ਨੂੰ ਮੈਦਾਨੋਂ ਕੱਢੀ ਜਾ ਰਹੀ ਹੈ। ਅਜਿਹੀ ਹਾਲਤ 'ਚ ਇਹ ਜ਼ਰੂਰੀ ਹੈ ਕਿ ਐਗਰੀਕਲਚਰਲ ਸਰਮਾਏਦਾਰੀ, ਅਜਾਰੇਦਾਰ ਸਰਮਾਏਦਾਰੀ ਵਿਰੁੱਧ ਆਪਣੇ ਹਿੱਤਾਂ ਦੀ ਰਾਖੀ ਲਈ—ਹਿਤ, ਜਿਹੜੇ ਇੰਡਸਟਰੀਅਲ ਸੈਕਟਰ ਦੀ ਗੈਰ ਅਜਾਰੇਦਾਰ ਸਰਮਾਏਦਾਰੀ ਨਾਲ ਮਿਲਦੇ ਹਨ—ਸਿਆਸੀ ਲੜਾਈ ਦੇ ਮੈਦਾਨ 'ਚ ਉਤਰੇ ਅਤੇ ਆਪਣੇ ਲਈ ਵੱਧ ਆਰਥਕ-ਸਿਆਸੀ ਅਧਿਕਾਰ ਜਿਤੇ। ਅਕਾਲੀ ਮੋਰਚੇ ਦਾ ਕਾਰਨ ਬਣੀ ਵਿਰੋਧਤਾਈ ਦਾ ਇਹ ਖਾਸ ਪੱਖ (Particular aspect) ਹੈ।

ਅਕਾਲੀ ਦਲ ਵਲੋਂ ਚੁਕੀਆਂ ਆਰਥਕ-ਰਾਜਨੀਤਕ ਮੰਗਾਂ ਗੈਰ-ਅਜਾਰੇਦਾਰ ਸਰਮਾਏਦਾਰੀ (ਇੰਡਸਟਰੀਅਲ ਅਤੇ ਐਗਰੀਕਲਚਰਲ) ਦੇ ਹਿਤਾਂ ਦੀ ਹੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਤੋਂ ਬਿਨਾਂ, ਜਿਹੜੀਆਂ ਮੰਗਾਂ ਦੂਜੀਆਂ ਮਿਹਨਤਕਸ਼ ਜਮਾਤਾਂ ਨਾਲ ਸਬੰਧਤ ਹਨ, ਉਹ ਅਕਾਲੀ ਦਲ ਵਲੋਂ ਆਪਣਾ ਸਿਆਸੀ ਅਧਾਰ ਫੈਲਾਉਣ ਦੇ ਮੰਤਵ ਨਾਲ ਹੀ ਚੁਕੀਆਂ ਗਈਆਂ ਹਨ।

ਅਕਾਲੀ ਐਜੀਟੇਸ਼ਨ ਦੀ ਕਾਰਣ ਉਪ੍ਰੋਕਤ ਵਿਰੋਧਤਾਈ ਦੇ ਨਾਲ ਨਾਲ ਪੰਜਾਬ ਅੰਦਰ ਖੇਤੀ ਸੈਕਟਰ 'ਚ ਇਕ ਹੋਰ ਵਿਰੋਧਤਾਈ ਵੀ ਤਿਖੀ ਹੋ ਕੇ ਵਿਚਰ ਰਹੀ ਹੈ। ਇਹ ਵਿਰੋਧਤਾਈ ਹੈ: ਇਕ ਹੱਥ ਦਰਮਿਆਨੀ ਤੇ ਗਰੀਬ ਕਿਸਾਨੀ (ਛੋਟੇ ਜਿਣਸ ਉਤਪਾਦਕ) ਤੇ ਦੂਜੇ ਹੱਥ ਹਾਕਮ ਸਰਮਾਏਦਾਰ ਜਮਾਤ ਵਿਚਕਾਰ ਵਿਰੋਧਤਾਈ। ਇਸ ਵਿਰੋਧਤਾਈ ਦੇ ਵੀ ਆਪਣੇ ਆਮ ਅਤੇ ਖਾਸ ਦੋਵੇਂ ਪੱਖ ਹਨ। ਇਸ ਵਿਰੋਧਤਾਈ ਦਾ ਆਮ ਪੱਖ, ਉਹੀ, ਸੰਸਾਰ ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀ ਅੰਦਰ ਮੌਜੂਦ ਆਰਥਕ-ਰਾਜਨੀਤਕ ਸੰਕਟ ਦੇ ਸਿੱਟੇ ਵਜੋਂ ਭਾਰਤ ਅੰਦਰ ਹਾਕਮ ਸਰਮਾਏਦਾਰ ਜਮਾਤ ਵਲੋਂ ਸੰਕਟ ਦਾ ਬੋਝ ਮਜ਼ਦੂਰ ਜਮਾਤ ਦੇ ਨਾਲ ਨਾਲ ਛੋਟੇ ਪੈਮਾਨੇ ਦੇ ਜਿਣਸ ਉਤਪਾਦਕਾਂ—ਇਥੇ ਦਰਮਿਆਨੀ ਅਤੇ ਗਰੀਬ ਕਿਸਾਨੀ—ਉਪਰ ਸੁਟਣ ਕਾਰਨ ਵਿਰੋਧਤਾਈ ਦਾ ਤਿੱਖਾ ਹੋਣਾ ਹੈ।

ਇਸ ਵਿਰੋਧਤਾਈ ਦਾ ਖਾਸ ਪੱਖ ਇਹ ਹੈ ਕਿ ਪੰਜਾਬ ਅੰਦਰ ਪਿਛਲੇ ਸਮੇਂ 'ਚ ਖੇਤੀ ਸੈਕਟਰ 'ਚ ਹੋਈ ਤਕਨੀਕੀ ਉਨਤੀ ਕਾਰਨ ਛੋਟੇ ਪੈਮਾਨੇ ਦੇ ਜਿਣਸ ਉਤਪਾਦਕਾਂ ਗਰੀਬ ਅਤੇ ਦਰਮਿਆਨੀ ਕਿਸਾਨੀ ਦੀ ਮੌਤ ਦੀ ਘੰਟੀ ਵੱਜ ਗਈ ਹੈ। ਪੰਜਾਬ ਦੇ ਖੇਤੀ ਸੈਕਟਰ ਅੰਦਰ ਮੌਜੂਦ ਛੋਟੇ ਪੈਮਾਨੇ ਦੀ ਜ਼ਮੀਨ ਮਾਲਕੀ, ਖੇਤੀ ਸੈਕਟਰ 'ਚ ਹੋਏ ਅਤੇ ਹੋ ਰਹੇ ਤਕਨੀਕੀ ਵਿਕਾਸ ਨਾਲ ਟਕਰਾ ਗਈ। ਅਤੇ ਇਸ ਟੱਕਰ ਦਾ ਇੱਕੋ ਇਕ ਹੱਲ ਇਹ ਹੈ ਕਿ ਛੋਟੇ ਪੈਮਾਨੇ ਦੀ ਖੇਤੀ ਦੀ ਥਾਂ

ਵੱਡੇ ਫਾਰਮ ਉਸਾਰੇ ਜਾਣ। ਪੰਜਾਬ ਦੇ ਖੇਤੀ ਸੈਕਟਰ ਅੰਦਰ ਹੋਈ ਅਤੇ ਹੋ ਰਹੀ ਤਕਨੀਕੀ ਉਨਤੀ ਕਾਰਨ ਇਕ ਲਾਜ਼ਮੀ ਲੋੜ ਬਣ ਗਿਆ ਹੈ ਅਮਲ 'ਚ ਇਸ ਲੋੜ ਦੀ ਪੂਰਤੀ ਛੋਟੇ ਕਿਸਾਨਾਂ ਨੂੰ ਲਗਾਤਾਰ ਤੋੜ ਰਹੀ ਹੈ, ਉਹਨਾਂ ਨੂੰ ਲਗਾਤਾਰ ਮਜ਼ਦੂਰ ਬਣਨ ਵੱਲ ਧੱਕ ਰਹੀ ਹੈ। ਇਹ ਛੋਟੇ ਕਿਸਾਨ (ਗਰੀਬ ਤੇ ਦਰਮਿਆਨੇ ਕਿਸਾਨ) ਆਪਣੀ ਪਹਿਲੀ ਹਾਲਤ ਨੂੰ ਬਰਕਰਾਰ ਰੱਖਣ ਲਈ ਸਰਕਾਰ ਵਿਰੁੱਧ ਆਰਥਿਕ ਰਿਐਤਾਂ ਲੈਣ ਲਈ ਲੜਾਈ ਦੇ ਮੈਦਾਨ 'ਚ ਉਤਰੇ ਹੋਏ ਹਨ—ਰਿਐਤਾਂ, ਜਿਹੜੀਆਂ ਗਰੀਬ ਤੇ ਦਰਮਿਆਨੀ ਕਿਸਾਨੀ ਦੇ ਸੰਕਟ ਦਾ ਕੋਈ ਹੱਲ ਨਹੀਂ ਬਣਦੀਆਂ।

ਇਸ ਦੂਜੀ ਵਿਰੋਧਤਾਈ ਦੇ ਤਿੱਖੇ ਹੋਣ ਦੇ ਸਿਟੇ ਵਜੋਂ ਸਰਕਾਰ ਵਿਰੁੱਧ ਲੜ ਰਹੀ ਗਰੀਬ ਅਤੇ ਦਰਮਿਆਨੀ ਕਿਸਾਨੀ, ਅਕਾਲੀ ਦਲ ਲਈ ਇਸਦੇ ਮੋਰਚੇ ਦੌਰਾਨ ਸਰਗਰਮ ਸਿਆਸੀ ਅਧਾਰ ਮਹੱਈਆ ਕਰ ਸਕਦੀ ਸੀ।

## ਮੋਰਚੇ ਦੀ ਸ਼ੁਰੂਆਤ ਤੋਂ ਲੈ ਕੇ ਫੌਜੀ ਕਾਰਵਾਈ ਤੱਕ ਦਾ ਵਿਕਾਸ-ਅਮਲ

ਮੋਰਚੇ (ਅਕਾਲੀ ਐਜ਼ੀਟੇਸ਼ਨ) ਦੇ ਸ਼ੁਰੂ ਹੋਣ ਤੋਂ ਲੈ ਕੇ ਸਰਕਾਰ ਵੱਲੋਂ ਕੀਤੀ ਫੌਜੀ ਕਾਰਵਾਈ ਤੱਕ ਦੇ ਵਿਕਾਸ ਅਮਲ ਦੇ ਅਧਿਅਨ ਦਾ ਅਰਥ ਲੜਾਈ 'ਚ ਜੁਟੀਆਂ ਦੋਵਾਂ ਧਿਰਾਂ ਦੀ ਯੁੱਧਨੀਤੀ ਦਾ ਅਧਿਅਨ ਕਰਨਾ ਹੈ।

ਅਕਾਲੀ ਐਜੀਟੇਸ਼ਨ ਦੇ ਅਨ ਸ਼ੁਰੂ ਤੋਂ ਹੀ ਇਸ ਵਿੱਚ ਇੱਕ ਵਿਰੋਧਤਾਈ ਮੌਜੂਦ ਸੀ। ਇੱਕ ਹੱਥ ਅਕਾਲੀ ਦਲ ਦਾ ਆਰਥਕ-ਰਾਜਨੀਤਕ ਪ੍ਰੋਗਰਾਮ ਇਸਦੇ ਸਿਆਸੀ ਅਧਾਰ ਨੂੰ ਪਸਾਰਨ ਵਾਲਾ ਫੈਕਟਰ ਸੀ ਅਤੇ ਦੂਜੇ ਹੱਥ ਅਕਾਲੀ ਦਲ ਦਾ ਧਾਰਮਕ ਬੁਰਕਾ—ਜਿਹੜਾ ਇਸਦੇ ਇਤਿਹਾਸਕ ਵਿਕਾਸ ਕਾਰਨ ਇਸਨੂੰ ਪਹਿਨਣਾ ਹੀ ਪੈਂਦਾ ਹੈ ਅਤੇ ਜਿਸਦੇ ਸਿਰ 'ਤੇ ਇਹ ਆਪਣੇ ਸਮਾਜਕ(ਧਾਰਮਕ) ਅਧਾਰ ਨੂੰ ਵਰਤਦਾ ਹੈ—ਇਸਦੇ ਸਿਆਸੀ ਅਧਾਰ ਨੂੰ ਸੁੰਗੇੜਨ ਵਾਲਾ ਫੈਕਟਰ ਸੀ। ਅਕਾਲੀ ਐਜੀਟੇਸ਼ਨ ਅੰਦਰ ਮੌਜੂਦ ਇਸ ਵਿਰੋਧਤਾਈ ਦੇ ਅਧਾਰ 'ਤੇ ਹੀ ਦੋਵਾਂ ਧਿਰਾਂ ਦੀ ਯੁੱਧਨੀਤੀ ਤਹਿ ਹੋਈ ਹੈ।

ਇਸ ਐਜ਼ੀਟੇਸ਼ਨ ਦੌਰਾਨ ਅਕਾਲੀਦਲ ਦੀ ਯੁਧਨੀਤੀ ਇਹ ਸੀਕਿ ਉਹ ਆਪਣੇ ਆਰਥਕ-ਰਾਜਨੀਤਕ ਪ੍ਰੋਗਰਾਮ ਦੁਆਲੇ ਆਪਣੇ ਸਿਆਸੀ ਅਧਾਰ ਨੂੰ ਪਸਾਰਦਾ ਹੋਇਆ ਆਪਣੇ ਧਾਰਮਕ ਅਧਾਰ ਨੂੰ ਮੋਰਚੇ ਦੇ ਪੱਖ 'ਚ ਇਸ ਤਰ੍ਹਾਂ ਵਰਤੇ ਕਿ ਇਸਦੇ ਸਿਆਸੀ ਅਧਾਰ ਦੇ ਪਸਾਰ ਨੂੰ ਕੋਈ ਨੁਕਸਾਨ ਨਾ ਹੋਵੇ। ਇਸ ਯੁਧਨੀਤੀ ਨੂੰ ਲਾਗੂ ਕਰਨ ਲਈ ਲਾਜ਼ਮੀ ਹੀ ਅਕਾਲੀ ਦਲ ਨੂੰ ਆਪਣੀ ਐਜ਼ੀਟੇਸ਼ਨ ਦੌਰਾਨ ਆਰਥਕ-ਰਾਜਨੀਤਕ

ਅਸੀਂ ਇਨਕਲਾਬੀ ਕਮਿਊਨਿਸਟ, ਜਦ ਭਿੰਡਰਾਂ-ਵਾਲੇ ਦੀਆਂ ਜਨੂੰਨੀ ਕਾਰਵਾਈਆਂ ਦਾ ਵੀ ਵਿਰੋਧ ਕਰਦੇ ਰਹੇ ਹਾਂ ਤਾਂ ਆਪਣੇ ਹਮਲੇ ਦਾ ਮੁੱਖ ਨਿਸ਼ਾਨਾ ਹਮੇਸ਼ਾ ਲੁਟੇਰੇ ਭਾਰਤੀ ਹਾਕਮਾਂ ਤੇ ਉਹਨਾਂ ਦੀ ਜ਼ਾਬਰ ਰਾਜ ਮਸ਼ੀਨਰੀ ਨੂੰ ਹੀ ਬਣਾਉਂਦੇ ਰਹੇ ਹਾਂ। ਅਸੀਂ ਕਦੇ ਭੁੱਲ ਕੇ ਵੀ ਅਜਿਹੇ ਕਿਸੇ ਕਦਮ ਦੀ ਹਮੈਤ ਨਹੀਂ ਕੀਤੀ, ਤੇ ਨਾ ਹੀ ਕਰਾਂਗੇ, ਜਿਸ ਨਾਲ ਭਾਰਤੀ ਲੋਕਾਂ ਦੀਆਂ ਅਸਲ ਦੁਸ਼ਮਣ ਲੁਟੇਰੀਆਂ ਹਾਕਮ ਜਮਾਤਾਂ ਤੇ ਇਨ੍ਹਾਂ ਦੀ ਪਹਿਰੇਦਾਰ ਜਾਬਰ ਰਾਜ ਮਸ਼ੀਨਰੀ ਨੂੰ ਬਲ ਅਤੇ ਤਕੜਾਈ ਮਿਲਦੀ ਹੋਵੇ। ਅੱਜ ਜੇ ਭਿੰਡਰਾਂਵਾਲੇ ਤੇ ਉਸਦੇ ਪੈਰੋਕਾਰਾਂ ਨੂੰ ਉਹਨਾਂ ਨਾਲੋਂ ਵਧੇਰੇ ਤਾਕਤਵਰ ਤੇ ਵਹਿਸ਼ੀ ਦੁਸ਼ਮਣ ਨੇ ਕੁਚਲ ਦਿੱਤਾ ਹੈ, ਤਾਂ ਇਸ ਉਤੇ ਖੁਸ਼ੀ ਪਰਗਟ ਕਰਨ ਵਾਲੀ ਕੋਈ ਗੱਲ ਨਹੀਂ। ਭਾਰਤੀ ਫੌਜ ਨੇ ਜਿੰਨੀ ਸਖਤੀ, ਬਕਿਰਕੀ ਤੇ ਜ਼ਾਲਮਾਨਾ ਢੰਗ ਨਾਲ ਇਹ ਕਾਰਵਾਈ ਕੀਤੀ ਹੈ, ਇਸ ਨਾਲ ਭਾਰਤੀ ਹਾਕਮ ਲੋਕਾਂ ਦੇ ਮਨਾਂ ਉਤੇ ਆਪਣੀ ਹਕੂਮਤੀ ਤਾਕਤ ਦਾ ਹਰ ਵੱਧ ਛੱਪਾ ਪਾਉਣ ਦੀ ਕੋਸ਼ਿਸ਼ ਕਰਨਗੇ। ਉਹ ਲੋਕਾਂ ਨੂੰ ਇਹ ਜਚਾਉਣ ਦੀ ਕੋਸ਼ਿਸ਼ ਕਰਨਗੇ ਕਿ ਹਕੂਮਤ ਦੇ ਜੀਅ ਉਤੇ ਆ ਜਾਵੇ ਤਾਂ ਉਹ ਕਿਸੇ ਵੀ ਵਿਰੋਧੀ ਤਾਕਤ ਨੂੰ ਪਲਾਂ 'ਚ ਕੁਚਲ ਹ ਰੱਖ ਸਕਦੀ ਹੈ। ਪਰ ਅਸੀਂ ਏਦੂੰ ਉਲਟ ਗੱਲ ਕਹਿੰਦੇ ਹਾਂ—ਕਿ ਲੋਕਾਂ ਦੇ ਜੀਅ ਉਤੇ ਆ ਜਾਵੇ ਤਾਂ ਉਹ ਵਹਿਸ਼ੀ ਤੋਂ ਵਹਿਸ਼ੀ ਹਕੂਮਤੀ ਮਸ਼ੀਨਰੀ ਨੂੰ ਵੀ ਦਿਨਾਂ 'ਚ ਹੀ ਚਕਨਾਚੂਰ ਕਰ ਸਕਦੇ ਹਨ। ਭਿੰਡਰਾਂਵਾਲੇ ਦਾ ਸਫਾਇਆ ਭਾਰਤੀ ਹਕੂਮਤ ਦੀ ਤਕੜਾਈ ਦਾ ਸਬੂਤ ਨਹੀਂ, ਸਗੋਂ ਭਿੰਡਰਾਂ-ਵਾਲੇ ਦੀ ਕਮਜ਼ੋਰੀ ਦਾ ਪਰਗਟਾਵਾ ਹੈ। ਆਪਣੀ ਲੋਕ-ਦੁਸ਼ਮਣ ਫਿਰਕੂ ਸਿਆਸਤ ਸਦਕਾ ਭਿੰਡਰਾਂਵਾਲਾ ਭਾਰਤ ਦੇ ਕਰੋੜਾਂ-ਕਰੋੜ ਮਿਹਨਤਕਸ਼ ਲੋਕਾਂ ਨੂੰ ਲੁਟੇਰੇ ਰਾਜ ਵਿਰੁੱਧ ਸਿਖਿਅਤ ਤੇ ਜਥੇਬੰਦ ਕਰਨ ਦੀ ਥਜਾਏ ਉਨ੍ਹਾਂ ਨੂੰ ਪਾੜ ਕੇ ਤੇ ਆਪਸ 'ਚ ਲੜਾ ਕੇ ਲੋਕ ਤਾਕਤ ਨੂੰ ਕਮਜ਼ੋਰ ਕਰਦਾ ਰਿਹਾ। ਇਤਿਹਾਸ ਦੇ ਨਿਯਮਾਂ ਤੋਂ ਅਨਜਾਣ ਤੇ ਬੇਮੁਖ, ਉਹ ਇਕ ਉਕਾ ਈ ਪਿਛਾਂਹ ਖਿਚੂ ਪੈਂਤੜੇ ਤੋਂ ਭਾਰਤੀ ਹਾਕਮਾਂ ਨਾਲ ਇਕ ਬੇਮੇਚੀ ਫੌਜੀ ਟੱਕਰ ਵਿਚ ਬਦਲ ਕੇ ਰਹਿ ਗਿਆ। ਜੇ ਇਕ ਲੋਕ-ਪੱਖੀ ਪ੍ਰੋਗਰਾਮ ਅਤੇ ਦਰੁਸਤ ਇਨਕਲਾਬੀ ਸਿਆਸਤ ਦੇ ਅਧਾਰ 'ਤੇ ਭਾਰਤ ਦੇ ਕਰੋੜਾਂ ਲੋਕਾਂ ਨੂੰ ਲੁਟੇਰੇ ਭਾਰਤੀ ਰਾਜ ਵਿਰੁੱਧ ਸਿਖਿਅਤ ਤੇ ਜਥੇਬੰਦ ਕੀਤਾ ਜਾਵੇ ਅਤੇ ਫੌਜੀ ਵਰਦੀਆਂ 'ਚ ਸਜੇ ਮਜ਼ਦੂਰਾਂ-ਕਿਸਾਨਾਂ ਦੇ ਪੁੱਤਾਂ ਨੂੰ ਭਾਰਤੀ ਰਾਜ ਦੇ ਲੋਟੂ ਤੇ ਲੋਕ-ਦੁਸ਼ਮਣ ਖਾਸੇ ਤੋਂ ਜਾਣ ਕਰਵਾ ਕੇ ਉਨ੍ਹਾਂ ਨੂੰ ਇਨਕਲਾਬ ਦੇ ਪੱਖ 'ਚ ਕਰ ਲਿਆ ਜਾਵੇ ਤਾਂ ਭਾਰਤੀ ਰਾਜ ਦੇ ਇਹ ਖੋਖਲੇ ਥੰਮ੍ਹ ਕਰੋੜਾਂ-ਕਰੋੜ ਲੋਕਾਂ ਦੀ ਇਕ-ਜੁੱਟ ਹਥਿਆਰਬੰਦ ਸੱਟ ਮੂਹਰੇ ਰੇਤੇ ਦੀਆਂ ਬੁਰਜੀਆਂ ਵਾਂਗ ਢਹਿ ਜਾਣਗੇ।

(ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ ਇਕ ਦਸਤਾਵੇਜ਼ ਵਿਚੋਂ)

ਮੰਗਾਂ ਦੇ ਨਾਲ ਨਾਲ ਧਾਰਮਕ ਮੰਗਾਂ ਨੂੰ ਇਸ ਤਰ੍ਹਾਂ ਚੁੱਕਣਾ ਪੈਣਾ ਸੀ ਕਿ ਐਜੀਟੇਸ਼ਨ ਦੇ ਫਰੰਟ ਤੋਂ ਆਰਥਕ ਰਾਜਨੀਤਕ ਮੰਗਾਂ ਧਾਰਮਕ ਮੰਗਾਂ ਦੇ ਮੁਕਾਬਲੇ ਵੱਧ ਤਿਖੀ ਤਰ੍ਹਾਂ ਉਭਰਨ।

ਦੂਜੇ ਪਾਸੇ ਕਾਂਗਰਸ ਸਰਕਾਰ ਦੀ ਯੁੱਧ ਨੀਤੀ ਇਹ ਸੀ ਕਿ ਉਹ ਅਕਾਲੀ ਦਲ ਦੇ ਧਾਰਮਕ ਅਧਾਰ ਨੂੰ ਦੋਫਾੜ ਕਰਕੇ, ਅਕਾਲੀ ਦਲ ਨੂੰ ਆਪਣੀ ਯੁੱਧਨੀਤੀ ਲਾਗੂ ਕਰਨ 'ਚ ਅਸਫਲ ਬਣਾਉਂਦੀ ਹੋਈ,ਅਕਾਲੀ ਦਲ ਨੂੰ ਧਾਰਮਕ ਮੰਗਾਂ ਉਪਰ ਵੱਧ ਜ਼ੋਰ ਦੇਣ ਲਈ ਮਜਬੂਰ ਕਰੇ ਅਤੇ ਇਉਂ ਅਕਾਲੀ ਦਲ ਦੇ ਸਿਆਸੀ ਅਧਾਰ ਦੇ ਪਸਾਰ ਨੂੰ ਰੋਕੇ—ਨਾ ਸਿਰਫ ਰੋਕੇ ਸਗੋਂ ਸੁੰਗੜੇ। ਕਾਂਗਰਸ ਸਰਕਾਰ ਨੂੰ ਆਪਣੀ ਇਹ ਯੁੱਧਨੀਤੀ ਲਾਗੂ ਕਰਨ ਲਈ ਸਿੱਖਾਂ ਅੰਦਰ ਇੱਕ ਅਜੇਹੇ ਧਾਰਮਿਕ-ਜਨੂੰਨੀ ਆਗੂ ਨੂੰ ਉਭਾਰਨ ਦੀ ਲੋੜ ਸੀ ਜਿਹੜਾ ਅਕਾਲੀ ਦਲ ਦੇ ਧਾਰਮਕ ਅਧਾਰ ਅੰਦਰ ਮੁਕਾਬਲੇ ਦੇ ਆਗੂ ਵਜੋਂ ਅਕਾਲੀ ਲੀਡਰਸ਼ਿਪ ਲਈ ਚਣੌਤੀ ਬਣ ਸਕੇ।

ਪੰਜਾਬ ਅੰਦਰ ਪੈਦਾਵਾਰ, ਮੁਖ ਤੌਰ ਤੇ ਖੇਤੀ ਸੈਕਟਰ ਅੰਦਰ, ਹੋਏ ਪੂੰਜੀਵਾਦੀ ਵਿਕਾਸ ਦੇ ਸਿਟੇ ਵਜੋਂ ਧਾਰਮਕ ਅਧਾਰ ਨੂੰ ਪਏ ਅਤੇ ਪੈ ਰਹੇ ਜ਼ਬਰਦਸਤ ਖੋਰੇ ਕਾਰਨ ਆਪਣੀ ਖੁਰਦੀ ਸਾਖ ਨੂੰ ਬਚਾਉਣ ਲਈ 'ਬੇਚੈਨ' ਸੰਤ ਮਹੰਤ' ਲੱਭਣੇ ਕੋਈ ਔਖੀ ਗੱਲ ਨਹੀਂ। ਕਾਂਗਰਸ ਸਰਕਾਰ ਨੂੰ ਆਪਣੀ ਯੁੱਧਨੀਤੀ ਲਾਗੂ ਕਰਨ ਲਈ ਅਜਿਹਾ ਹੀ ਇੱਕ 'ਸੰਤ' ਜਰਨੈਲ ਸਿੰਘ ਭਿੰਡਰਾਂਵਾਲਾ ਲੱਭ ਪਿਆ। ਕਾਂਗਰਸ ਹਕੂਮਤ, ਕੁਝ ਤਾਂ ਆਪਣੀ ਪਾਰਟੀ ਅੰਦਰ ਵਿਰੋਧਤਾਈਆਂ ਕਰਕੇ ਤੇ ਮੁਖ ਤੌਰ 'ਤੇ ਅਕਾਲੀ ਦਲ ਦੇ ਧਾਰਮਕ ਅਧਾਰ ਨੂੰ ਦੋਫਾੜ ਕਰਨ ਲਈ ਅਕਾਲੀ ਐਜੀਟੇਸ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਭਿੰਡਰਾਂਵਾਲੇ ਨੂੰ ਆਪਦੇ ਸੰਦ ਵਜੋਂ ਵਰਤਣ ਲਈ ਉਭਾਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਸੀ।

ਅਕਾਲੀ ਐਜੀਟੇਸ਼ਨ ਦੇ ਸ਼ੁਰੂ ਹੋਣ 'ਤੇ ਕਾਂਗਰਸ ਸਰਕਾਰ ਨੇ ਭਿੰਡਰਾਂਵਾਲੇ ਨੂੰ ਉਭਾਰਨ ਲਈ ਪੂਰਾ ਤਾਣ (ਜ਼ੋਰ) ਲਗਾਇਆ। ਕਾਂਗਰਸ ਸਰਕਾਰ ਨੇ ਜਾਣ-ਬੁਝ ਕੇ, ਆਪਣੀ ਯੁੱਧਨੀਤੀ ਲਾਗੂ ਕਰਨ ਲਈ, ਸਿਖਾਂ ਅੰਦਰ ਅਕਾਲੀ ਲੀਡਰਸ਼ਿਪ ਦੇ ਮੁਕਾਬਲੇ ਦੇ ਆਗੂ ਵਜੋਂ ਸਥਾਪਤ ਕਰਨ ਲਈ, ਭਿੰਡਰਾਂਵਾਲੇ ਦੀਆਂ ਕਾਤਲਾਨਾ ਕਾਰਵਾਈਆਂ ਨੂੰ ਖੁਲ ਦਿੱਤੀ—ਨਾ ਸਿਰਫ ਆਮ ਸ਼ਹਿਰੀਆਂ ਦੇ ਕਤਲਾਂ ਦੀ ਖੁਲ੍ਹ ਦਿੱਤੀ ਸਗੋਂ ਭਿੰਡਰਾਂਵਾਲੇ ਦੇ ਟੋਲਿਆਂ ਵਲੋਂ ਹਕੂਮਤੀ ਮਸ਼ੀਨਰੀ, ਪੁਲਸੀ ਅਫਸਰਾਂ, ਦੇ ਕਤਲਾਂ ਦਾ ਵੀ ਕੋਈ ਗੰਭੀਰ ਨੋਟਿਸ ਨਹੀਂ ਲਿਆ।

ਕਾਂਗਰਸ ਸਰਕਾਰ ਨੇ ਭਿੰਡਰਾਂ ਵਾਲੇ ਨੂੰ ਸਿਖਾਂ ਅੰਦਰ ਅਕਾਲੀ ਦਲ ਦੇ ਮੁਕਾਬਲੇ ਦੇ ਆਗੂ ਵਜੋਂ ਉਭਾਰਕੇ ਹੇਠ ਲਿਖੇ ਨਿਸ਼ਾਨਿਆਂ ਦੀ ਪ੍ਰਾਪਤੀ ਕੀਤੀ ਹੈ:

1. ਅਕਾਲੀ ਦਲ ਨੂੰ ਇਸਦੇ ਧਾਰਮਕ ਅਧਾਰ ਵਿੱਚੋਂ ਨਿਖੇੜਿਆ ਹੈ। (ਫੌਜੀ ਕਾਰਵਾਈ ਤੋਂ ਬਾਅਦ ਤਾਂ ਸਿਖਾਂ ਦੇ ਤਕੜੇ-ਹਿੱਸੇ ਅੰਦਰ ਅਕਾਲੀ ਲੀਡਰਸ਼ਿਪ ਦੀ ਗਦਾਰ ਵਜੋਂ ਸਥਾਪਤੀ ਹੋਈ ਹੈ)
2. ਐਜੀਟੇਸ਼ਨ ਦੌਰਾਨ ਆਪਣੇ ਵਿਰੋਧੀ ਭਿੰਡਰਾਂਵਾਲੇ ਵਲੋਂ, ਧਾਰਮਕ ਅਧਾਰ ਅੰਦਰ, ਖੜੀਆਂ ਕੀਤੀਆਂ ਚਣੌਤੀਆਂ ਨੂੰ ਨਜਿਠਣ ਲਈ ਅਕਾਲੀ ਦਲ ਦੀ ਤਾਕਤ ਜਿਹੜੀ ਉਹ ਸਰਕਾਰ ਵਿਰੁਧ ਵਰਤ ਸਕਦਾ ਸੀ—ਦਾ ਵੱਡਾ ਹਿੱਸਾ ਖਰਚ ਕਰਵਾਇਆ ਹੈ।
3. ਧਾਰਮਕ ਅਧਾਰ ਅੰਦਰ ਭਿੰਡਰਾਂਵਾਲੇ ਵਲੋਂ ਖੜੀਆਂ ਕੀਤੀਆਂ ਚਣੌਤੀਆਂ ਕਾਰਨ ਅਕਾਲੀ ਦਲ ਨੂੰ ਧਾਰ-ਮਕ ਮੰਗਾਂ ਉਪਰ ਵੱਧ ਜ਼ੋਰ ਦੇਣ ਲਈ ਮਜਬੂਰ ਕੀਤਾ ਹੈ ਅਤੇ ਇਉਂ ਇਕ ਆਰਥਕ-ਰਾਜਨੀਤਕ ਐਜੀਟੇਸ਼ਨ ਵੱਲ ਤਿਲਕਾਉਣ ਅਤੇ ਉਤਾਰਨ 'ਚ ਸਫ਼ਲਤਾ ਹਾਸਲ ਕੀਤੀ ਹੈ।
4. ਭਿੰਡਰਾਂ ਵਾਲੇ ਦੀਆਂ ਜਨੂੰਨੀ ਕਾਰਵਾਈਆਂ (ਜਿਨ੍ਹਾਂ 'ਚ ਕਤਲਾਂ, ਬੈਂਕ ਡਾਕਿਆਂ ਆਦਿ ਸਾਰੀਆਂ ਕਾਰ-ਵਾਈਆਂ ਸ਼ਾਮਲ ਨੇ) ਦੇ ਸਿਰ 'ਤੇ—ਕਿਉਂਕਿ ਅਕਾਲੀ ਦਲ ਆਪਣੇ ਧਾਰਮਕ ਅਧਾਰ ਨੂੰ ਬਚਾਕੇ ਰੱਖਣ ਦੀ ਗਰਜ਼ ਕਰਕੇ ਖੁਲ੍ਹਮ ਖੁੱਲ੍ਹਾ ਇਹਨਾਂ ਕਾਰ-ਵਾਈਆਂ ਦਾ ਵਿਰੋਧ ਨਹੀਂ ਸੀ ਕਰਦਾ ਸਗੋਂ ਅਕਸਰ ਉਸਨੂੰ ਚੁੱਪ ਹਮਾਇਤ ਕਰਨੀ ਪੈਂਦੀ ਸੀ—ਅਕਾਲੀ ਦਲ ਨੂੰ ਹਿੰਦੂਆਂ 'ਚੋਂ ਨਿਖੇੜਨ 'ਚ ਕਾਮਯਾਬ ਹੋਈ ਹੈ।
5. ਭਿੰਡਰਾਂਵਾਲੇ ਦੀਆਂ ਕਾਰਵਾਈਆਂ ਕਾਰਨ ਹੀ ਅਕਾਲੀ ਦਲ ਦੀ ਵਿਰੋਧੀ ਧਿਰ ਦੀਆਂ ਪਾਰਟੀਆਂ ਨਾਲ ਵਧ ਰਹੀ ਏਕਤਾ ਤੋੜਨ 'ਚ ਸਫਲ ਹੋਈ ਹੈ।
6. ਭਿੰਡਰਾਂਵਾਲੇ ਦੀਆਂ ਕਾਰਵਾਈਆਂ ਦੇ ਸਿਰ 'ਤੇ ਹੀ ਦੇਸ਼ ਭਰ ਦੇ ਹਿੰਦੂਆਂ (ਖਾਸ ਕਰ ਪੰਜਾਬ) ਅੰਦਰ ਡਰ ਤੇ ਅਸੁਰੱਖਿਆ ਉਭਾਰਕੇ ਤੇ ਅੰਤ 'ਚ ਫੌਜੀ ਕਾਰਵਾਈ ਕਰਕੇ ਕਾਂਗਰਸ ਹਕੂਮਤ ਹਿੰਦੂਆਂ ਦੇ ਰਾਖੇ ਦੇ ਤੌਰ ਤੇ ਆਪਣੇ ਆਪ ਨੂੰ ਉਭਾਰਨ ਤੇ ਇਉਂ ਆਪਣੇ ਵੋਟ ਅਧਾਰ ਨੂੰ ਮਜ਼ਬੂਤ ਕਰਨ 'ਚ ਕਾਮਯਾਬ ਹੋਈ ਹੈ।
7. ਅਕਾਲੀ ਐਜੀਟੇਸ਼ਨ ਦੇ ਧਾਰਮਕ ਐਜੀਟੇਸ਼ਨ ਬਣਨ ਵਲ ਤਿਲਕਣ ਦੇ ਸਿਟੇ ਵਜੋਂ ਪੇਂਡੂ ਸਰਮਾਏਦਾਰੀ ਦੀ ਇਕ ਧਿਰ ਵਲੋਂ ਭਾਰਤੀ ਕਿਸਾਨ ਯੂਨੀਅਨ ਦੇ ਝੰਡੇ ਹੇਠ ਇਕੱਠੇ ਹੋ ਕੇ ਕਿਸਾਨ ਐਜੀਟੇਸ਼ਨ ਸ਼ੁਰੂ ਕਰਨ ਦੇ ਸਿਟੇ ਵਜੋਂ ਅਕਾਲੀਆਂ ਦੇ ਕਿਸਾਨੀ ਅੰਦਰਲੇ ਸਿਆਸੀ ਅਧਾਰ ਨੂੰ ਜ਼ਬਰਦਸਤ ਖੋਰਾ

ਪਿਆ ਹੈ।

ਨੋਟ :—ਕਾਂਗਰਸ ਸਰਕਾਰ ਨੇ ਅਕਾਲੀ ਦਲ ਨਾਲ ਚਲ ਰਹੀ ਆਪਣੀ ਜਦੋਜਹਿਦ ਦੀਆਂ ਗਿਣਤੀਆਂ-ਮਿਣਤੀਆਂ ਕਾਰਨ ਭਾਰਤੀ ਕਿਸਾਨ ਯੂਨੀਅਨ ਤੇ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ 'ਚ ਚੱਲ ਰਹੀ ਕਿਸਾਨ ਐਜੀਟੇਸ਼ਨ ਨੂੰ ਉਭਰਨ ਦੇਣ ਲਈ ਚੇਤੰਨ ਤੌਰ 'ਤੇ ਖੁਲ ਅਜੇ ਜਾਰੀ ਹੈ। ਕਿਸਾਨ ਐਜੀਟੇਸ਼ਨ ਨੂੰ ਇਸ ਖੁਲ ਦਾ ਲਾਹਾ ਲੈਣਾ ਚਾਹੀਦਾ ਹੈ।

ਕੁਲ ਮਿਲਾਕੇ ਜੇ ਦੇਸੀ ਭਾਸ਼ਾ 'ਚ ਕਹਿਣਾ ਹੋਵੇ ਤਾਂ ਭਿੰਡਰਾਂਵਾਲੇ ਨੂੰ ਕਾਂਗਰਸ ਸਰਕਾਰ ਨੇ ਇਸ ਤਰਾਂ ਵਰਤਿਆ ਹੈ ਕਿ ਅਕਾਲੀ ਦਲ ਨੂੰ ਬਿਲਕੁਲ ਖੂੰਜੇ ਲਗਾ ਦਿੱਤਾ ਹੈ। ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਭਿੰਡਰਾਂਵਾਲੇ ਦਾ ਕਾਂਗਰਸ ਦਾ ਸਿਧਾ ਏਜੰਟ ਹੋਣਾ ਕੋਈ ਜ਼ਰੂਰੀ ਨਹੀਂ ਸਗੋਂ ਭਿੰਡਰਾਂਵਾਲੇ ਦੀਆਂ ਨਿੰਦਣਯੋਗ ਧਾਰਮਕ ਜਨੂੰਨੀ ਕਾਰਵਾਈਆਂ ਸਰਕਾਰ ਦੀ ਯੁੱਧ-ਨੀਤੀ ਲਈ ਸਹਾਈ ਸਨ। ਜਿਹਨਾਂ ਕਾਰਵਾਈਆਂ ਨੂੰ ਕਾਂਗਰਸ ਸਰਕਾਰ ਨੇ ਪੂਰੀ ਖੁਲ੍ਹ ਦੇ ਕੇ ਅਕਾਲੀ ਦਲ ਨੂੰ ਮਾਂਜਣ ਲਈ —ਅਕਾਲੀ ਦਲ ਦਾ ਭੱਠਾ ਬੈਠਾਉਣ ਲਈ—ਵਰਤਿਆ ਹੈ। ਅਤੇ ਨਾਲ ਹੀ ਆਪਣੀਆਂ ਹਿੰਦੂ ਵੋਟਾਂ ਨੂੰ ਪੱਕੀਆਂ ਕਰਨ ਲਈ ਵਰਤਿਆ ਹੈ।

ਇਸ ਦੇ ਨਾਲ ਹੀ ਭਿੰਡਰਾਂਵਾਲੇ ਦੀ ਅਗਵਾਈ 'ਚ ਧਾਰਮਕ ਜਨੂੰਨੀ ਦਹਿਸ਼ਤ ਨੂੰ ਪਾਲ ਕੇ, ਇਸ ਦਹਿਸ਼ਤ ਨੂੰ ਨਜਿਠਣ ਦੇ ਬਹਾਨੇ, ਕਾਂਗਰਸ ਹਕੂਮਤ ਨੇ ਦੇਸ਼ ਭਰ ਅੰਦਰ ਮੌਜੂਦ ਇਨਕਲਾਬੀ ਤਾਕਤਾਂ ਨੂੰ ਨਜਿਠਣ ਲਈ ਜਾਬਰ ਭਾਰਤੀ ਹਕੂਮਤ ਦੀ ਮਸ਼ੀਨਰੀ ਦੇ ਖੂਨੀ ਪੰਜੇ ਨੂੰ ਹੋਰ ਮਜ਼ਬੂਤ ਕੀਤਾ ਹੈ, ਅਜਿਹਾ ਕਿੰਨੇ ਹੀ ਕਾਲੇ ਆਰਡੀਨੈਂਸ ਜਾਰੀ ਅਤੇ ਲਾਗੂ ਕਰਕੇ ਕੀਤਾ ਗਿਆ ਹੈ।

ਕੁਲ ਮਿਲਾ ਕੇ ਅਜਾਰੇਦਾਰ ਸਰਮਾਏਦਾਰੀ ਦੀ ਪ੍ਰਤੀਨਿਧ ਕਾਂਗਰਸ ਹਕੂਮਤ ਦੀ ਯੁੱਧਨੀਤੀ ਦੇ ਮੁਕਾਬਲੇ ਗੈਰ ਅਜਾਰੇਦਾਰ ਸਰਮਾਏਦਾਰੀ ਦੀ ਪ੍ਰਤੀਨਿਧ ਅਕਾਲੀ ਦਲ ਦੀ ਯੁੱਧ-ਨੀਤੀ ਬੁਰੀ ਤਰ੍ਹਾਂ ਹਾਰ ਗਈ ਹੈ। ਉਂਝ ਤਾਂ, ਆਮ ਤੌਰ 'ਤੇ ਹੀ ਇਹ ਗੱਲ ਲਾਜ਼ਮੀ ਹੈ ਕਿ ਗੈਰ ਅਜਾਰੇਦਾਰ ਸਰਮਾਏਦਾਰੀ, ਅਜਾਰੇਦਾਰ ਸਰਮਾਏਦਾਰੀ ਨਾਲ ਜਦੋਂ ਵੀ ਸਿਆਸੀ ਲੜਾਈ 'ਚ ਪਵੇਗੀ ਤਾਂ ਬੁਰੀ ਤਰ੍ਹਾਂ ਹਾਰ ਖਾਣ ਤੋਂ ਬਿਨਾਂ ਹੋਰ ਕੁਝ ਨਹੀਂ ਖੱਟ ਸਕਦੀ ਕਿਉਂਕਿ ਆਰਥਕ ਅਧਾਰ ਅੰਦਰ ਗੈਰ ਅਜਾਰੇਦਾਰ ਸਰਮਾਏਦਾਰੀ ਦਾ ਟੁੱਟਣਾ ਅਤੇ ਅਜਾਰੇਦਾਰ ਸਰਮਾਏਦਾਰੀ ਦਾ ਹੋਰ ਵਧ ਮਜ਼ਬੂਤ ਹੋਣਾ ਇਕ ਲਾਜ਼ਮੀ ਕਾਨੂੰਨ ਹੈ ਅਤੇ ਇਹ ਵੀ ਇਕ ਲਾਜ਼ਮੀ ਕਾਨੂੰਨ ਹੈ ਕਿ ਜਿਹੜੀ ਜਮਾਤ ਆਰਥਕ ਤੌਰ ਤੇ ਟੁੱਟ ਰਹੀ ਹੈ ਉਹ ਸਿਆਸੀ ਤੌਰ ਤੇ ਵੀ ਲਾਜ਼ਮੀ ਹਾਰੇਗੀ। ਅਜਾਰੇਦਾਰ ਸਰਮਾਏਦਾਰੀ ਤੇ ਗੈਰ ਅਜਾਰੇਦਾਰ ਸਰਮਾਏਦਾਰੀ ਵਿਚਕਾਰ ਮੌਜੂਦ ਵਿਰੋਧਤਾਈ ਦਾ ਹੱਲ ਲਾਜ਼ਮੀ ਤੇ ਪੈਦਾਵਾਰ ਦੇ ਹੋਰ ਵੱਧ ਕੇਂਦਰੀਕਰਨ ਤੇ ਇਕੱਤਰੀਕਰਨ

## ਫਿਰਕਾਪ੍ਰਸਤੀ ਦੀ ਜੰਮਣ-ਭੋਇੰ ਨੂੰ ਉਖਾੜ ਸੁੱਟੋ!

• ਭਾਰਤੀ ਹਾਕਮਾਂ ਵੱਲੋਂ ਰਾਤ ਦਿਨ ਰੇਡੀਓ ਤੇ ਹੋਰ ਸਾਧਨਾਂ ਰਾਹੀਂ ਇਹ ਸ਼ੋਰੀਲਾ ਪਰਚਾਰ ਕੀਤਾ ਜਾ ਰਿਹਾ ਹੈ ਕਿ ਦਰਬਾਰ ਸਾਹਿਬ ਅੰਦਰ ਕੀਤੇ ਗਏ ਇਸ 'ਸਤਾਰਿਆ ਓਪਰੇਸ਼ਨ' ਨਾਲ ਭਾਰਤੀ ਸਿਆਸਤ ਦੀ ਦੇਹ ਅੰਦਰ ਫੈਲੇ ਇਸ ਫਿਰਕਾਪ੍ਰਸਤੀ ਦੇ 'ਕੈਂਸਰ' ਦਾ ਫਸਤਾ ਵੱਢ ਦਿੱਤਾ ਗਿਆ ਹੈ। ਪਰ ਇਹ ਭਾਰਤੀ ਹਾਕਮਾਂ ਵੱਲੋਂ ਫੈਲਾਇਆ ਜਾ ਰਿਹਾ ਬਹੁਤ ਹੀ ਧੋਖੇ ਭਰਿਆ ਝੂਠ ਹੈ। ਫਿਰਕਾਪ੍ਰਸਤੀ ਕਿਸੇ ਭਿੰਡਰਾਂਵਾਲੇ ਦੀ ਕਾਢ ਨਹੀਂ। ਇਸ ਸਮਾਜੀ ਲਾਹਨਤ ਨਾਲ ਜਿਨਾਹ, ਮਾਸਟਰ ਤਾਰਾ ਸਿੰਘ ਬਾਲ ਠਾਕਰੇ ਤੇ ਗੁਰੂ ਗੋਲਵਾਸਕਰ ਵਰਗੀਆਂ ਅਨੇਕਾਂ ਫਿਰਕੂ ਹਸਤੀਆਂ ਦੇ ਨਾਂ ਜੁੜਦੇ ਰਹੇ ਹਨ ਤੇ ਜੁੜਦੇ ਰਹਿਣਗੇ। ਇਕ ਫਿਰਕੂ ਸਖ਼ਸ਼ੀਅਤ (ਜਾਂ ਜਥੇਬੰਦੀ) ਉਭਰਦੀ ਤੇ ਸੌਣ ਤੋਂ ਲਾਂਭ ਹੁੰਦੀ ਰਹੀ ਹੈ, ਪਰ ਭਾਰਤੀ ਸਿਆਸਤ ਦੀ ਦੇਹ ਨੂੰ ਚੰਬੜੇ ਫਿਰਕਾ-ਪ੍ਰਸਤੀ ਦੇ ਕੋਹੜ ਦਾ ਕਦੇ ਵੀ ਪੱਕਾ ਇਲਾਜ ਨਹੀਂ ਹੋ ਸਕਿਆ। ਭਾਰਤੀ ਰਾਜ ਅਤੇ ਇਸਦੀ ਸਿਆਸਤ ਵੱਲੋਂ ਧਾਰਮਕ ਮਾਮਲਿਆਂ ਅਤੇ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਦਿੱਤੀ ਸਰਪ੍ਰਸਤੀ ਅਤੇ ਲਗਾਤਾਰ ਬੇਸ਼ਰਮ ਦਖਲ-ਅੰਦਾਜ਼ੀ ਨੇ ਲੋਕਾਂ ਅੰਦਰ ਧਰਮ, ਜਾਤਪਾਤ, ਰੰਗ ਅਤੇ ਇਲਾਕਾਈ ਵੰਡੀਆਂ ਨੂੰ ਇਸ ਹੱਦ ਤੱਕ ਵਧਾ ਦਿੱਤਾ ਹੈ ਕਿ ਇਸਦੇ ਰੋਮ ਰੋਮ ਅੰਦਰ ਫੈਲੇ ਫਿਰਕਾਪ੍ਰਸਤੀ ਦੇ ਕੋਹੜ ਦਾ ਹੁਣ ਕਿਸੇ ਅੜੇ-ਓਪਰੇਸ਼ਨ ਨਾਲ ਇਲਾਜ ਹੋ ਸਕਣਾ ਨਾਮੁਮਕਿਨ ਹੈ। ਇਸ ਸਮਾਜੀ ਪਰਬੰਧ ਨੂੰ ਧੁਰ ਮੁੱਢੋਂ ਓਵਰਹਾਲ ਕਰਨਾ ਪੈਣਾ ਹੈ; ਹਥਿਆਰਬੰਦ ਇਨਕਲਾਬ ਦੇ ਨਸ਼ਤਰ ਨਾਲ ਇਸ ਅੰਦਰਲੇ ਸਾਰੇ ਗੰਦ ਨੂੰ ਚੀਰ ਕੇ ਬਾਹਰ ਸੁੱਟਣਾ ਪੈਣਾ ਹੈ। ਸੋ ਜਿੰਨਾ ਚਿਰ ਫਿਰਕਾਪ੍ਰਸਤੀ ਦੀ ਜੰਮਣ-ਭੋਇੰ—ਭਾਰਤ ਦੇ ਮੌਜੂਦਾ ਆਰਥਿਕ-ਸਮਾਜੀ ਪਰਬੰਧ ਅਤੇ ਇਸ ਦੀਆਂ ਪ੍ਰਾਲਣਹਾਰ ਤਾਕਤਾਂ ਦਾ ਇਨਕਲਾਬ ਰਾਹੀਂ ਮੁਕੰਮਲ ਫਸਤਾ ਨਹੀਂ ਵੱਢ ਸੁੱਟਿਆ ਜਾਂਦਾ, ਉਨਾਂ ਚਿਰ ਇਹ ਬਲਾ ਨਵੇਂ ਨਾਵਾਂ, ਨਵੇਂ ਜਾਮਿਆਂ ਤੇ ਨਵੇਂ ਰੂਪਾਂ 'ਚ ਪਰਗਟ ਹੁੰਦੀ ਰਹੇਗੀ।

(ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ ਇਕ ਦਸਤਾਵੇਜ਼ ਵਿਚੋਂ)

ਅਤੇ ਸਿਟੇ ਵਜੋਂ ਅਜਾਰੇਦਾਰ ਸਰਮਾਏਦਾਰੀ ਦੇ ਹੋਰ ਮਜ਼ਬੂਤ ਹੋਣ ਅਤੇ ਗੈਰ ਅਜਾਰੇਦਾਰੀ ਸਰਮਾਏਦਾਰੀ ਦੇ ਟੁਟਣ 'ਚ ਮੌਜੂਦ ਹੈ। ਫਿਰ ਵੀ ਅਕਾਲੀ ਦੂਲ ਦੀ ਹਾਰ ਹੋਣ 'ਚ ਇਸ ਦੇ ਧਾਰਮਕ ਬੁਰਕੇ ਦਾ ਖਾਸ ਰੋਲ ਹੈ। ਅਕਾਲੀ ਦਲ ਦੇ ਧਾਰਮਕ ਬੁਰਕੇ ਨੇ ਇਸ ਨੂੰ ਇਸ ਦੀ ਸਿਆਸੀ ਲੜਾਈ 'ਚ ਪੂਰਾ ਨੁਕਸਾਨ ਪਹੁੰਚਾਇਆ ਹੈ। ਜਿਸ 'ਚੋਂ ਖੁਦ ਅਕਾਲੀ ਦੇਲ ਨੂੰ ਵੀ ਸਬਕ ਸਿਖਣ ਦੀ ਲੋੜ ਹੈ। ਸਰਮਾਏਦਾਰੀ ਵਿਰੁੱਧ ਗੈਰ ਅਜਾਰੇਦਾਰ (ਸਮੇਤ ਪੇਂਡੂ) ਸਰਮਾਏਦਾਰੀ ਦੀ ਹਰ ਆਰਥਕ-ਰਾਜਨੀਤਕ ਲੜਾਈ 'ਚ ਗੈਰ ਅਜਾਰੇਦਾਰ ਸਰਮਾਏਦਾਰੀ (ਸਮੇਤ ਪੇਂਡੂ) ਵੱਲੋਂ ਲੋਕਾਂ ਦੀਆਂ ਧਾਰਮਿਕ, ਜਾਤੀ, ਕੌਮੀ ਜਾਂ ਇਲਾਕਾਈ ਭਾਵਨਾਵਾਂ ਨੂੰ ਵਰਤਣ ਦੀ ਕੋਈ ਵੀ ਕੋਸ਼ਿਸ਼ ਖ਼ੁਦ ਇਹਦੀ ਆਪਣੀ ਹਾਰ ਦਾ ਕਾਰਨ ਬਣੇਗੀ। ਇਹ ਤੱਥ ਕਾਂਗਰਸ ਹਕੂਮਤ ਵਿਰੁੱਧ ਲੜ ਰਹੀ ਭਾਰਤੀ ਕਿਸਾਨ ਯੂਨੀਅਨ ਦੀ ਲੀਡਰਸ਼ਿਪ ਨੂੰ ਵੀ ਨੋਟ ਕਰਨਾ ਚਾਹੀਦਾ ਹੈ ਕਿ ਉਸ ਵੱਲੋਂ ਕਿਸਾਨੀ ਨੂੰ ਉਭਾਰਨ ਲਈ ਕਿਸਾਨੀ ਦੀਆਂ ਜਾਤੀ ਭਾਵਨਾਵਾਂ (ਜਟਵਾਦ) ਨੂੰ ਵਰਤਣ ਦੀ ਕੋਈ ਵੀ ਕੋਸ਼ਿਸ਼ ਕਾਂਗਰਸ ਹਕੂਮਤ ਨੂੰ ਕਿਸਾਨੀ ਐਜੀਟੇਸ਼ਨ ਵਿਰੁੱਧ ਮਜ਼ਦੂਰ ਜਮਾਤ ਨੂੰ ਵਰਤਣ ਲਈ ਰਾਹ ਖੋਲੇਗੀ ਤੇ ਇਉਂ ਇਸਦਾ ਸਿੱਟਾ ਐਜੀਟੇਸ਼ਨ ਦੀ ਹਾਰ 'ਚ ਨਿਕਲੇਗਾਂ। ਭਾਰਤੀ ਕਿਸਾਨ ਯੂਨੀਅਨ ਦੀ ਲੀਡਰਸ਼ਿਪ ਨੂੰ ਇਸ ਤੱਥ ਉਪਰ ਪੂਰਾ ਧਿਆਨ ਦੇਣਾ ਚਾਹੀਦਾ ਹੈ ਕਿ ਹਕੂਮਤ ਇਸ ਐਜੀਟੇਸ਼ਨ ਨੂੰ ਨਜਿੱਠਣ ਲਈ ਲਾਜ਼ਮੀ ਹੀ ਮਜ਼ਦੂਰ ਜਮਾਤ ਨੂੰ ਇਸ ਐਜੀਟੇਸ਼ਨ ਵਿਰੁੱਧ ਵਰਤਣ ਲਈ ਜ਼ੋਰ ਲਾਵੇਗੀ।

### ਫੌਜੀ ਕਾਰਵਾਈ ਦੀ ਲੋੜ

ਅਕਾਲੀ ਐਜੀਟੇਸ਼ਨ ਨੂੰ ਨਜਿੱਠਣ ਲਈ ਕਾਂਗਰਸ ਹਕੂਮਤ ਵੱਲੋਂ ਅਪਣਾਈ ਯੁੱਧਨੀਤੀ ਦੇ ਸਿੱਟੇ ਵਜੋਂ ਘਟਨਾਵਾਂ ਦਾ ਵਿਕਾਸ ਅਜਿਹੇ ਨੁਕਤੇ ਉਪਰ ਪਹੁੰਚ ਗਿਆ ਜਿੱਥੇ ਕਾਂਗਰਸ ਹਕੂਮਤ ਨੂੰ ਖ਼ੁਦ ਆਪਣੇ ਵੱਲੋਂ ਪੋਲੇ ਪੋਸੇ ਭਿੰਡਰਾਂਵਾਲੇ ਦੇ ਜਨੂੰਨੀ-ਧਾਰਮਿਕ ਦਹਿਸ਼ਤ-ਪਸੰਦ ਗਰੋਹ ਨੂੰ ਨਜਿੱਠਣ ਲਈ ਫੌਜੀ ਕਾਰਵਾਈ ਕਰਨੀ ਪਈ।

ਕੁਲ ਤੋਂ ਪਹਿਲੀ ਗੱਲ ਇਹ ਹੈ ਕਿ ਕਾਂਗਰਸ ਹਕੂਮਤ ਭਿੰਡਰਾਂਵਾਲੇ ਦੀ ਅਗਵਾਈ 'ਚ ਜੁੜੇ ਦਹਿਸ਼ਤ-ਪਸੰਦ ਟੋਲੇ ਦੀਆਂ ਸਰਗਰਮੀਆਂ ਦੇ ਸਿਰ 'ਤੇ ਜੋ ਸਿਆਸੀ ਪ੍ਰਾਪਤੀਆਂ ਕਰਨੀਆ ਚਾਹੁੰਦੀ ਸੀ ਉਹਨਾਂ ਨੂੰ ਉਹ ਪ੍ਰਾਪਤ ਕਰਨ 'ਚ ਸਫਲ ਹੋ ਚੁੱਕੀ ਸੀ। ਹੁਣ ਫੌਜੀ ਕਾਰਵਾਈ ਨੂੰ ਹੋਰ ਲੇਟ ਕਰਨ—ਫੌਜੀ ਕਾਰਵਾਈ ਜਿਹੜੀ ਕਾਂਗਰਸ ਹਕੂਮਤ ਦੀ ਯੁੱਧਨੀਤੀ ਦਾ ਲਾਜ਼ਮੀ ਸਿੱਟਾ ਹੈ—ਨਾਲ ਹਕੂਮਤ ਦੀਆਂ ਪ੍ਰਾਪਤੀਆਂ ਉਲਟੇ ਰੁੱਖ ਪ੍ਰਭਾਵਤ ਹੋ ਸਕਦੀਆਂ ਸਨ। ਮੁੱਖ ਤੌਰ ਤੇ ਹਿੰਦੂ ਵੋਟਾਂ ਨੂੰ ਪੱਕੀਆਂ ਕਰਨ ਲਈ ਤੇ ਆਉਣ ਵਾਲੀਆਂ ਚੋਣਾਂ 'ਚ ਵਰਤਣ ਲਈ ਫੌਜੀ ਕਾਰਵਾਈ ਲਈ ਇਹ ਢੁਕਵਾਂ ਸਮਾਂ ਸੀ।

ਫੌਜੀ ਕਾਰਵਾਈ ਕਰਨ ਦੀ ਲੋੜ ਉਭਰਨ ਦਾ ਮੁੱਖ (ਬੁਨਿਆਦੀ) ਕਾਰਣ ਇਹ ਸੀ ਕਿ ਕਾਂਗਰਸ ਹਕੂਮਤ ਵੱਲੋਂ ਪਾਲਿਆ ਪੋਸਿਆ ਤੇ ਭਿੰਡਰਾਂਵਾਲੇ ਦੀ ਅਗਵਾਈ 'ਚ ਜੱਥੇਬੰਦ ਹੋਇਆ ਧਾਰਮਕ-ਜਨੂੰਨੀ ਦਹਿਸ਼ਤਪਸੰਦੀ ਦਾ ਵਰਤਾਰਾ ਆਪਣੇ ਵਿਕਾਸ ਦੇ ਅਜਿਹੇ ਪੜਾਅ ਉਪਰ ਪਹੁੰਚ ਗਿਆ ਸੀ ਜਿੱਥੇ ਇਹ ਕਾਂਗਰਸ ਹਕੂਮਤ ਵੱਲੋਂ ਮਿੱਥੀ ਲਛਮਣ ਰੇਖਾ ਨੂੰ ਟੱਪ ਗਿਆ ਸੀ ਅਤੇ ਇਹ ਅਮਰੀਕਾ ਪੱਖੀ ਸਾਮਰਾਜੀ ਗੁੱਟ ਦੀ ਯੁੱਧਨੀਤੀ ਦਾ ਸੰਦ ਬਣ ਗਿਆ ਸੀ।

ਸੰਸਾਰ ਪੂੰਜੀਵਾਦੀ ਪ੍ਰਬੰਧ ਅੰਦਰ ਮੌਜੂਦ ਆਰਥਕ ਰਾਜਨੀਤਕ ਸੰਕਟ ਦੇ ਸਿਟੇ ਵਜੋਂ ਦੋ ਸਾਮਰਾਜੀ ਗੁੱਟਾਂ (ਰੂਸੀ ਤੇ ਅਮਰੀਕੀ ਸਾਮਰਾਜੀ ਗੁਟ) ਅੰਦਰ ਵਿਰੋਧਤਾਈ ਤਿਖੀ ਹੋ ਕੇ ਵਿਚਰ ਰਹੀ ਹੈ। ਦੋਵੇਂ ਸਾਮਰਾਜੀ ਗੁੱਟਾਂ ਦੀ ਇਹ ਯੁੱਧਨੀਤੀ ਹੈ ਕਿ ਉਹ ਆਪਣੇ ਵਿਰੋਧੀ ਕੈਂਪ 'ਚ ਉਠੇ ਅਜਿਹੇ ਵਰਤਾਰਿਆਂ ਨੂੰ ਆਪਣੇ ਵਿਰੋਧੀ ਨੂੰ ਮਾਂਜਣ ਲਈ ਵਰਤਦੇ ਹਨ। ਅਜਿਹੇ ਵਰਤਾਰਿਆਂ ਨੂੰ ਵਰਤਣ ਨਾਲ ਉਹ ਹੇਠ ਲਿਖੇ ਫਾਇਦੇ ਉਠਾਉਂਦੇ ਹਨ :

1. ਆਪਣੇ ਵਿਰੋਧੀ ਦੇ ਕੈਂਪ ਨੂੰ ਕਮਜ਼ੋਰ ਕਰਨਾ।
2. ਹਥਿਆਰਾਂ ਦੀ ਵਿਕਰੀ ਰਾਹੀਂ ਧਨ ਕਮਾਉਣਾ।
3. ਕਮਜ਼ੋਰ ਦੇਸ਼ਾਂ ਨੂੰ ਆਰਥਕ ਤੌਰ ਤੇ ਆਪਣੇ ਹੋਰ ਅਧੀਨ ਕਰਨਾ।

ਨੋਟ :—ਸੰਸਾਰ ਪੂੰਜੀਵਾਦੀ ਪ੍ਰਬੰਧ ਅੰਦਰ ਮੌਜੂਦ ਆਰਥਕ-ਰਾਜਨੀਤਕ ਸੰਕਟ ਬਾਰੇ ਇਕ ਵੱਖਰੀ ਲਿਖਤ ਜਲਦੀ ਹੀ ਪਾਠਕਾਂ ਨਾਲ ਸਾਂਝੀ ਕਰਾਂਗਾ।

ਕਹਿਣ ਦਾ ਭਾਵ ਪੰਜਾਬ ਅੰਦਰ ਦਹਿਸ਼ਤ ਪਸੰਦੀ ਦਾ ਵਰਤਾਰਾ ਜੇ ਹੋਰ ਜ਼ਿਆਦਾ ਦੇਰ ਬੇ-ਲਗਾਮ ਛੱਡਿਆ ਜਾਂਦਾ ਤਾਂ ਇਸ ਵਰਤਾਰੇ ਨੇ ਅਮਰੀਕੀ ਸਾਮਰਾਜ ਦੀ ਯੁੱਧ ਨੀਤੀ ਦਾ ਤਾਕਤਵਾਰ ਸੰਦ ਬਣ ਜਾਣਾ ਸੀ। ਅਤੇ ਇਹ ਨਾ ਤਾਂ ਭਾਰਤੀ ਹਕੂਮਤ (ਕਾਂਗਰਸ ਹਕੂਮਤ) ਦੇ ਖੁਦ ਆਪਣੇ ਹਿਤ 'ਚ ਸੀ ਤੇ ਨਾ ਹੀ ਇਸਦੇ 'ਭਰੋਸੇ ਯੋਗ ਮਿਤਰ' ਰੂਸੀ ਸਾਮਰਾਜ ਦੇ ਹਿਤ 'ਚ ਸੀ। ਦੂਜੇ ਅਕਾਲੀ ਦਲ 3 ਜੂਨ ਤੋਂ ਆਪਣੇ ਮੋਰਚੇ ਨੂੰ ਭਾਰਤੀ ਕਿਸਾਨ ਯੂਨੀਅਨ ਦੀ ਐਜੀਟੇਸਨ ਨਾਲ ਮੇਲ ਕੇ ਚਲਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ। ਜਿਸ ਨਾਲ ਇਸ ਦਹਿਸ਼ਤ ਪਸੰਦ ਵਰਤਾਰੇ—ਜਿਹੜਾ ਖਾਲਸਤਾਨੀ ਲਹਿਰ 'ਚ ਵਟ ਚੁਕਿਆ ਸੀ—ਨੂੰ (ਤਾਕਤ) ਬਲ ਮਿਲਣ

ਦੀ ਹੋਰ ਵੱਧ ਸੰਭਾਵਨਾ ਸੀ। ਸੋ ਹਾਲਤਾਂ ਦੇ ਖਿਸ ਵਿਕਾਸ ਅਮਲ ਕਾਰਨ ਭਾਰਤੀ ਹਕੂਮਤ ਲਈ ਫੌਜੀ ਕਾਰਵਾਈ ਕਰਨਾ ਜ਼ਰੂਰੀ ਹੋ ਗਿਆ ਸੀ ਹੁਣ ਸਿਰਫ ਫਜੀ ਕਾਰਵਾਈ ਕਰਕੇ ਹੀ—ਭਾਰਤੀ ਹਕੂਮਤ ਆਪਣੇ ਹਿੱਤ ਸੁਰੱਖਿਅਤ ਰੱਖ ਸਕਦੀ ਸੀ। ਭਾਰਤੀ ਹਕੂਮਤ ਨੇ ਫੌਜੀ ਕਾਰਵਾਈ ਕਰਕੇ ਇੱਕ ਵਡ੍ਹੀ ਦੇਰ ਤੋਂ ਚਲੀ ਆ ਰਹੀ ਅਕਾਲੀ ਐਜੀਟੇਸ਼ਨ ਤੇ ਪੰਜਾਬ ਅੰਦਰਲੇ ਦਹਿਸ਼ਤ ਪਸੰਦ ਵਰਤਾਰੇ ਨੂੰ ਨਜਿੱਠ ਲਿਆ ਹੈ।

## ਐਜੀਟੇਸ਼ਨ ਦੌਰਾਨ ਕਮਿ. ਇਨਕਲਾਬੀ ਲਹਿਰ ਦਾ ਰੋਲ

ਅਕਾਲੀ ਐਜੀਟੇਸ਼ਨ ਹੈ ਕੀ ਸੀ ? ਇਹ ਸਮਝਣ ਤੋਂ ਬਾਅਦ ਹੁਣ ਅਸੀਂ ਇਕ ਹੋਰ ਮਹਤਵਪੂਰਨ ਸਵਾਲ ਵੱਲ ਆਉਂਦੇ ਹਾਂ ਕਿ ਇਸ ਐਜੀਟੇਸ਼ਨ ਦੌਰਾਂਨ ਕਮਿ. ਇਨਕਲਾਬੀ ਲਹਿਰ ਦਾ ਰੋਲ ਕੀ ਸੀ ?

ਜਿਥੇ ਪਹਿਲਾਂ ਹੀ ਅਸੀਂ ਵੇਖ ਚੁੱਕੇ ਹਾਂ ਕਿ ਅਕਾਲੀ ਐਜੀਟੇਸ਼ਨ ਭਾਰਤੀ ਹਾਕਮ ਜਮਾਤ ਦੇ ਦੋ ਧੜਿਆਂ ਅਜਾਰੇਦਾਰ ਸਰਮਾਏਦਾਰੀ ਅਤੇ ਗੈਰ ਅਜਾਰੇਦਾਰ ਸਰਮਾਏਦਾਰੀ ਵਿਚਕਾਰ ਤਿਖੀ ਹੋਈ ਵਿਰੋਧਤਾਈ ਦਾ ਪ੍ਰਗਟਾਅ ਸੀ। ਉਥੇ ਹੁਣ ਸਾਨੂੰ ਇਕ ਹੋਰ ਬਾਹਰਮੁੱਖੀ (ਪਦਾਰਥਕ) ਤੱਥ ਨੂੰ ਨੋਟ ਕਰਨਾ ਚਾਹੀਦਾ ਹੈ ਕਿ ਜਦੋਂ ਉਪਰੋਕਤ ਵਿਰੋਧਤਾਈ ਆਪਣੀ ਪੂਰੀ ਤੀਖਣਤਾ 'ਚ ਵਿਚਰ ਰਹੀ ਸੀ (ਤੇ ਹੈ) ਤਾਂ ਇਸ ਸਮੇਂ ਮਜ਼ਦੂਰ ਜਮਾਤ ਤੇ ਸਰਮਾਏਦਾਰ ਜਮਾਤ ਵਿਚਕਾਰ ਵਿਰੋਧਤਾਈ ਆਪਣੇ ਵਿਕਾਸ ਦੇ ਆਪਣੀ ਤੀਖਣਤਾ ਤੇ ਉਸ ਨੁਕਤੇ ਉਪਰ ਨਹੀਂ ਪਹੁੰਚੀ ਜਿਥੇ ਮਜ਼ਦੂਰ ਜਮਾਤ ਸਰਮਾਏਦਾਰੀ ਪ੍ਰਬੰਧ ਨੂੰ ਵੰਗਾਰ ਸਕੇ ਭਾਵ ਜਿਥੇ ਪ੍ਰੋਲਤਾਰੀ ਇਨਕਲਾਬ ਜੇਤੂ ਹੋ ਸਕੇ। ਇਸ ਲਈ ਇਸ ਹਾਲਤ 'ਚ ਮਜ਼ਦੂਰ ਜਮਾਤ ਦੀ ਨੁਮਾਇੰਦਾ ਕਮਿ. ਇਨਕਲਾਬੀ ਲਹਿਰ ਵਲੋਂ ਹਾਕਮ ਜਮਾਤ ਦੀ ਅੰਦਰੂਨੀ ਵਿਰੋਧਤਾਈ ਨੂੰ ਪ੍ਰੋਲਤਾਰੀ ਇਨਕਲਾਬ ਦੀ ਜਿਤ ਲਈ ਵਰਤ ਸਕਣ ਲਈ ਪਦਾਰਥਕ ਅਧਾਰ ਮੌਜੂਦ ਨਹੀਂ ਸੀ। ਅਜਿਹੀ ਹਾਲਤ 'ਚ ਹਾਕਮ ਜਮਾਤ ਦੀ ਅੰਦਰੂਨੀ ਵਿਰੋਧਤਾਈ ਲਾਜ਼ਮੀ ਤੌਰ ਤੇ ਸਰਮਾਏਦਾਰੀ ਪ੍ਰਬੰਧ ਦੇ ਅੰਦਰ ਹੀ, ਸਰਮਾਏਦਾਰੀ ਪ੍ਰਬੰਧ ਦੇ ਕਾਇਮ ਰਹਿੰਦਿਆਂ ਹੀ ਪੈਦਾਵਾਰ, ਸਰਮਾਏ ਦੇ ਹੋਰ ਵਧ ਕੇਂਦਰੀਕਰਣ ਤੇ ਇਕੱਤਰੀਕਰਣ ਹੋਣ ਨਾਲ, ਗੈਰ ਅਜਾਰੇਦਾਰ ਸਰਮਾਏਦਾਰੀ ਤੇ ਅਜਾਰੇਦਾਰ ਸਰਮਾਏਦਾਰੀ ਸਾਹਮਣੇ ਹਾਰ ਜਾਣ ਨਾਲ ਹੱਲ ਹੋਣੀ ਹੈ।

ਇਥੇ ਸਮਤਾ ਦੇ ਅਪ੍ਰੈਲ 1984 ਦੇ ਅੰਕ 'ਚ ਛਪੇ ਆਪਣੇ ਲੇਖ 'ਚ ਜਿਹੜੇ ਸਿਟੇ ਮੈਂ ਪਾਠਕਾਂ ਸਾਹਮਣੇ ਰੱਖੇ ਸੀ ਉਹਨਾਂ 'ਚੋਂ ਇਕ ਸਿਟੇ ਨੂੰ ਮੁੜ ਯਾਦ ਕਰਨਾ ਥਾਂ ਸਿਰ ਹੋਵੇਗਾ। ਬੁਰਜੂਆ (ਸਰਮਾਏਦਾਰੀ) ਸਮਾਜ ਆਪਣੇ ਵਿਕਾਸ ਦੇ ਉਸ ਪੜਾਅ ਉਪਰ ਅਜੇ ਨਹੀਂ ਪਹੁੰਚਿਆ ਜਿਥੇ ਇਸ ਸਮਾਜ ਦੀ ਥਾਂ ਨਵਾਂ ਸਮਾਜ ਕਮਿਊਨਿਜ਼ਮ ਉਸਰ ਸਕੇ। ਅਜੇ ਸਰਮਾਏਦਾਰੀ ਸਮਾਜ ਆਪਣੇ ਵਿਕਾਸ ਦੀਆਂ ਮਿਕਦਾਰੀ ਤਬਦੀਲੀਆਂ ਦੇ ਦੌਰ ਵਿਚੋਂ ਲੰਘ ਰਿਹਾ ਹੈ, ਸਿਫਤੀ ਤਬਦੀਲੀ ਵਾਪਰਨ ਲਈ ਅਜੇ

## ਫੌਜੀ ਰਾਜ ਦਾ ਡਟਵਾਂ ਵਿਰੋਧ ਕਰੋ !

ਪੰਜਾਬ ਅੰਦਰ ਭਾਰਤੀ ਫੌਜ ਦੀ ਇਸ ਕਾਤਲਾਨਾ ਕਾਰਵਾਈ ਨਾਲ ਇਹ ਹਕੀਕਤ ਹੋਰ ਉਘੜ ਕੇ ਸਾਹਮਣੇ ਆ ਗਈ ਹੈ ਕਿ ਭਾਰਤੀ ਹਾਕਮਾਂ ਵੱਲੋਂ ਸਿਰਜੀਆਂ ਹਰ ਕਿਸਮ ਦੀਆਂ ਹਥਿਆਰਬੰਦ ਤਾਕਤਾਂ—ਪੁਲਸ,ਸੀ.ਆਰ.ਪੀ., ਪੀ.ਏ.ਪੀ. ਤੇ ਫੌਜ ਆਦਿ—ਦਾ ਅਸਲੀ ਰੋਲ ਤੇ ਮਕਸਦ ਲੁਟੇਰੇ ਭਾਰਤੀ ਹਾਕਮਾਂ ਦੇ ਲੋਟੂ ਰਾਜ ਦੀ ਰਾਖੀ ਕਰਨਾ ਹੈ। ਕਦੇ ਲੁਟੇਰੇ ਹਾਕਮ ਆਪਣੇ ਲੋਟੂ ਰਾਜ ਦੀ ਰਾਖੀ ਲਈ ਇਨ੍ਹਾਂ ਹਥਿਆਰਬੰਦ ਤਾਕਤਾਂ ਨੂੰ ਦੇਸ਼ ਦੀਆਂ ਸਰਹੱਦਾਂ ਉਤੇ ਬਰੂਦ ਦੀ ਅੱਗ ਵਿਚ ਧੱਕ ਦਿੰਦੇ ਹਨ ਅਤੇ ਕਦੇ 'ਅੰਦਰੂਨੀ ਖਤਰੇ' ਦੀ ਦੁਹਾਈ ਹੇਠ ਆਪਣੇ ਹੀ ਦੇਸ਼ ਦੇ ਲੋਕਾਂ ਦਾ ਘਾਣ ਕਰਨ ਲਈ ਚਾੜ੍ਹ ਦਿੰਦੇ ਹਨ। ਹਰ ਵਾਰ ਪਰਚਾਰਿਆ ਤੇ ਧੁਮਾਇਆ ਇਹ ਜਾਂਦਾ ਹੈ ਕਿ ਦੇਸ਼ ਦੀਆਂ ਹਥਿਆਰਬੰਦ ਤਾਕਤਾਂ (ਫੌਜ ਵਗੈਰਾ) ਦੇਸ਼ ਦੀ 'ਏਕਤਾ' ਤੇ 'ਆਜ਼ਾਦੀ' ਦੀ ਰੱਖਿਆ ਕਰ ਰਹੀਆਂ ਹਨ, ਜਦ ਕਿ ਅਸਲ ਵਿਚ ਉਹ ਹਮੇਸ਼ਾ ਲੁਟੇਰੇ ਹਾਕਮਾਂ ਦੀ ਲੁੱਟ ਦੀ ਰਾਖੀ ਕਰ ਰਹੀਆਂ ਹੁੰਦੀਆਂ ਹਨ। ਅਸਲ ਵਿਚ ਭਾਰਤੀ ਫੌਜ ਵੱਲੋਂ ਜੋ ਕਤਲੋਗਾਰਤ ਹੁਣ ਪੰਜਾਬ ਵਿਚ ਸ਼ੁਰੂ ਕੀਤੀ ਹੋਈ ਹੈ, ਇਸ ਨਾਲੋਂ ਕਿਤੇ ਵੱਧ ਭਿਆਨਕ ਤੇ ਘਿਨਾਉਣੀ ਕਤਲੋਗਾਰਤ ਉਤਰ-ਪੂਰਬੀ ਰਾਜਾਂ ਵਿਚ ਪਿਛਲੇ ਕਿੰਨੇ ਹੀ ਸਾਲਾਂ ਤੋਂ ਕੀਤੀ ਜਾ ਰਹੀ ਹੈ।

ਰਾਜ ਮਸ਼ੀਨਰੀ ਦੇ ਇਸ ਲੋਕ-ਦੁਸ਼ਮਣ ਖਾਸੇ ਤੇ ਰੋਲ ਉਤੇ ਧੋਖੇ ਭਰਿਆ ਪਰਦਾ ਪਾਉਣਾ ਲੁਟੇਰੇ ਹਾਕਮਾਂ ਦੀ ਅਣਸਰਦੀ ਜਮਾਤੀ ਲੋੜ ਹੈ ਅਤੇ ਇਸ ਧੋਖੇ ਭਰੇ ਪਰਦਿਆਂ ਨੂੰ ਲੀਰੋ ਲੀਰ ਕਰਨਾ ਇਨਕਲਾਬੀ ਤੇ ਲੋਕ-ਪੱਖੀ ਤਾਕਤਾਂ ਦਾ ਸ਼ਰੋਮਣੀ ਫਰਜ਼ ਹੈ। ਇਨਕਲਾਬੀ ਤੇ ਗੈਰ-ਇਨਕਲਾਬੀ ਅਤੇ ਲੋਕ-ਹਿਤੈਸ਼ੀ ਤੇ ਲੋਕ-ਦੁਸ਼ਮਣ ਤਾਕਤਾਂ ਵਿਚਕਾਰ ਨਿਖੇੜੇ ਦਾ ਇਹ ਸਭ ਤੋਂ ਬੁਨਿਆਦੀ ਤੇ ਅਹਿਮ ਨੁਕਤਾ ਹੈ।

ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ
ਇਕ ਦਸਤਾਵੇਜ਼ ਵਿਚੋਂ)

ਪਦਾਰਥਕ ਅਧਾਰ ਤਿਆਰ ਨਹੀਂ ਹੋਇਆ

ਇਸ ਸਮੇਂ ਜਦੋਂ ਸਰਮਾਏਦਾਰੀ ਸਮਾਜ ਆਪਣੇ ਵਿਕਾਸ ਦੌਰਾਨ ਮਿਕਦਾਰੀ ਤਬਦੀਲੀਆਂ ਦੇ ਦੌਰ ਵਿਚੋਂ ਲੰਘ ਰਿਹਾ ਹੈ ਤਾਂ ਕਮਿ. ਇਨਕਲਾਬੀ ਲਹਿਰ ਸਿਰਫ਼ ਸਿਫਤੀ ਤਬਦੀਲੀ ਨਾਲ ਸਬੰਧਤ ਨਿਰੋਲ ਯੁੱਧਨੀਤਕ ਨਾਹਰੇ ਦੇ ਕੇ ਕੋਈ ਗਿਣਨ ਯੋਗ ਸਿਆਸੀ ਪ੍ਰਾਪਤੀ ਨਹੀਂ ਕਰ ਸਕਦੀ। ਇਹ ਠੀਕ ਹੈ ਕਿ ਅਸੀਂ ਇਹਨਾਂ ਨਾਹਰਿਆਂ ਨੂੰ ਉਭਾਰਨ ਅਤੇ ਆਪਣੇ ਅੰਤਿਮ ਨਿਸ਼ਾਨੇ ਨੂੰ ਮਜ਼ਦੂਰ ਜਮਾਤ ਤੇ ਹੋਰ ਮਿਹਨਤਕਸ਼ ਜਮਾਤਾਂ ਸਾਹਮਣੇ ਉਭਾਰਨ ਤੇ ਇਹਨਾਂ ਨਿਸ਼ਾਨਿਆਂ ਦੁਆਲੇ ਇਹਨਾਂ ਜਮਾਤਾਂ ਨੂੰ ਲਾਮਬੰਦ ਕਰਨ ਦੇ ਕਾਰਜ ਨੂੰ ਇੱਕ ਪਲ ਲਈ ਵੀ ਢਿਲਾਂ ਨਹੀਂ ਛੱਡਦੇ ਪਰ ਸਮਾਜਕ ਵਿਕਾਸ ਦੇ ਮੌਜੂਦਾ ਪੱਧਰ ਉਪਰ ਸਿਰਫ ਇਸ ਇਕੋ ਕਾਰਜ ਨੂੰ ਚਿੰਬੜੇ ਰਹਿਣ ਨਾਲ, ਨਿਰੋਲ ਯੁਧਨੀਤਕ ਨਾਹਰੇ ਗੁੰਜਾਉਣ ਨਾਲ ਅਸੀਂ ਗਿਣਨਯੋਗ ਸਿਆਸੀ ਪ੍ਰਾਪਤੀਆਂ ਨਹੀਂ ਕਰ ਸਕਦੇ।

ਇਹ ਲਾਜ਼ਮੀ ਹੈ, ਇਹ ਅਤਿਅੰਤ ਜ਼ਰੂਰੀ ਹੈ ਕਿ ਬੁਰੇਜੂਆ ਸਮਾਜ ਅੰਦਰ ਵਿਕਾਸ ਦੇ ਮੌਜੂਦਾ ਪੱਧਰ ਉਪਰ ਮਜ਼ਦੂਰ ਦੀ ਜਮਾਤੀ ਲੜਾਈ ਨੂੰ ਠੀਕ ਦਿਸ਼ਾ 'ਚ ਅੱਗੇ ਵਧਾਉਣ ਲਈ, ਕੋਈ ਗਿਣਨੇ-ਯੋਗ ਸਿਆਸੀ ਪ੍ਰਾਪਤੀਆਂ ਕਰਨ ਲਈ ਕਮਿ. ਇਨਕਲਾਬੀ ਲਹਿਰ ਆਪਣੇ ਇਹਨਾਂ ਆਮ ਨਾਹਰਿਆਂ ਦੇ ਨਾਲ ਨਾਲ ਬੁਰਜੂਆਂ ਸਮਾਜ ਅੰਦਰ ਵਾਪਰ ਰਹੀਆਂ ਮਿਕਦਾਰੀ ਤਬਦੀਲੀਆਂ ਨੂੰ ਸੰਬੋਧਤ ਹੁੰਦਿਆਂ ਠੋਸ ਰੂਪ 'ਚ ਫੌਰੀ ਆਰਥਕ-ਰਾਜਨੀਤੀਕ ਮੰਗਾਂ ਪੇਸ਼ ਕਰੇ ਅਤੇ ਇਹਨਾਂ ਦੁਆਲੇ ਮਜ਼ਦੂਰ ਜਮਾਤ ਦੀ ਜਮਾਤੀ ਲੜਾਈ ਨੂੰ ਠੀਕ ਦਿਸ਼ਾ 'ਚ ਅੱਗੇ ਵਧਾਵੇ। ਜੇ ਅਸੀਂ ਇਸ ਕਾਰਜ ਨੂੰ ਸਫਲਤਾ ਨਾਲ ਪੂਰਾ ਕਰਦੇ ਹਾਂ ਤਾਂ ਹੀ ਕੋਈ ਗਿਣਨ-ਯੋਗ ਸਿਆਸੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਪੰਜਾਬ ਦੇ ਮਿਹਨਤਕਸ਼ ਲੋਕਾਂ ਤੇ ਜਮਹੂਰੀ ਹਲਕਿਆਂ ਨੂੰ ਇਸ ਗੱਲ ਬਾਰੇ ਭੋਰਾ ਭਰ ਵੀ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ ਕਿ ਭਾਰਤੀ ਹਾਕਮਾਂ ਵੱਲੋਂ ਪੰਜਾਬ ਅੰਦਰ ਵੱਡੀ ਪੱਧਰ ਤੇ ਵਿੱਢਿਆ ਗਿਆ ਫ਼ੌਜੀ ਐਕਸ਼ਨ ਸਿਰਫ ਭਿੰਡਰਾਂਵਾਲੇ ਦੇ ਪੈਰੋਕਾਰਾਂ ਨੂੰ ਹੀ ਦਬਾਉਣ ਤੇ ਕੁਚਲਣ ਤੱਕ ਸੀਮਤ ਨਹੀਂ ਰਹਿਣ ਲੱਗਾ। ਇਸ ਐਕਸ਼ਨ ਨਾਲ ਭਾਰਤੀ ਹਾਕਮਾਂ ਨੇ ਆਪਣੀ ਲੋਕ-ਦੁਸ਼ਮਣ ਜ਼ਾਲਮ ਰਾਜ ਮਸ਼ੀਨਰੀ ਨੂੰ ਹੋਰ ਤਕੜਿਆਂ ਕੀਤਾ ਹੈ ਅਤੇ ਇਸ ਤੋਂ ਅੱਗੇ,ਉਹ ਲਾਜ਼ਮੀ ਸਭਨਾਂ ਇਨਕਲਾਬੀ ਤੇ ਜਮਹੂਰੀ ਤਾਕਤਾਂ ਦੀ ਸੰਘੀ ਨੱਪਣ ਵੱਲ ਵਧਣਗੇ। ਇਸ ਐਕਸ਼ਨ ਨੂੰ ਪੰਜਾਬ ਦੇ ਕਿਸਾਨਾਂ ਦੇ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਚੱਲ ਰਹੇ ਘੋਲ ਵਿਰੁੱਧ ਅਤੇ ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਤੇ ਹੋਰਨਾਂ ਤਬਕਿਆਂ ਦੇ ਹੱਕੀ ਘੋਲਾਂ ਵਿਰੁਧ ਵਰਤਿਆ ਜਾਵੇਗਾ—ਤਾਂ ਕਿ ਲੁਟੇਰੇ ਹਾਕਮ ਪੂਰੀ 'ਸ਼ਾਂਤੀ' ਤੇ 'ਸੁਖ ਚੈਨ' ਨਾਲ ਮਿਹਨਤਕਸ਼ ਲੋਕਾਂ ਦੀ ਲੁੱਟ ਜਾਰੀ ਰੱਖ ਸਕਣ। ਇਸ ਤਰ੍ਹਾਂ, ਅਸਲ ਵਿਚ, ਇਸ ਫੌਜੀ ਕਾਰਵਾਈ ਦਾ ਖਾਸਾ ਪੂਰੀ ਤਰ੍ਹਾਂ ਲੋਕ-ਵਿਰੋਧੀ ਤੇ ਜਮਹੂਰੀਅਤ-ਘਾਤੀ ਹੈ। ਸੋ ਸਭਨਾਂ ਲੋਕ-ਪੱਖੀ ਇਨਕਲਾਬੀ ਤੇ ਜਮਹੂਰੀ ਹਲਕਿਆਂ ਦਾ ਇਹ ਫੌਰੀ ਫਰਜ਼ ਬਣਦਾ ਹੈ ਕਿ ਉਹ ਪੂਰੀ ਤਰ੍ਹਾਂ ਇਕ-ਜੁੱਟ ਹੋ ਕੇ ਭਾਰਤੀ ਹਾਕਮਾਂ ਦੀ ਇਸ ਲੋਕ-ਦੁਸ਼ਮਣ ਤੇ ਧੱਕੜ ਕਾਰਵਾਈ ਦਾ ਵਿਰੋਧ ਕਰਨ ਅਤੇ ਪੰਜਾਬ ਦੇ ਲੋਕਾਂ ਉਤੇ ਮੜ੍ਹੇ ਫੌਜੀ ਰਾਜ ਦੇ ਖਾਤਮੇ ਲਈ ਹਿੰਮਤ ਅਤੇ ਦਲੇਰੀ ਨਾਲ ਅਵਾਜ਼ ਉਠਾਉਣ ਅਤੇ ਇਸ ਮਕਸਦ ਲਈ ਦ੍ਰਿੜ੍ਹ ਘੋਲ ਚਲਾਉਣ ਦੇ ਕਮਰਕੱਸੇ ਕਰਨ।

ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ ਇਕ ਦਸਤਾਵੇਜ਼ ਵਿਚੋਂ)

ਇਥੇ ਮੈਂ ਸਾਡੀ ਕਮਿ. ਇਨ. ਲਹਿਰ ਦੀ ਇਹ ਗੰਭੀਰ ਕਮਜ਼ੋਰੀ ਨੋਟ ਕਰਦਾ ਹਾਂ ਕਿ ਅਸੀਂ ਇਸ ਕਾਰਜ ਨੂੰ—ਪੂਰਾ ਕਰਨਾ ਤਾਂ ਦੂਰ ਦੀ ਗੱਲ ਹੈ—ਜਚਵੀਂ ਤਰ੍ਹਾਂ, ਤਸੱਲੀਬਖਸ਼ ਢੰਗ ਨਾਲ ਹੱਥ ਹੀ ਨਹੀਂ ਪਾਇਆ। ਸਾਡੀ ਇਸ ਕਮਜ਼ੋਰੀ ਕਰਕੇ, ਸਾਡੀ ਲਹਿਰ ਵੱਲੋਂ ਆਪਣਾ ਪੂਰਾ ਤਾਣ ਲਾਉਣ ਦੇ ਬਾਵਜੂਦ ਵੀ ਲਹਿਰ ਆਪਣੇ ਆਪਨੂੰ ਲੜ ਰਹੀਆਂ ਦੋਵੇਂ ਧਿਰਾਂ ਦੇ ਮੁਕਾਬਲੇ ਇੱਕ ਬਦਲ ਵਜੋਂ, ਤੀਜੀ ਧਿਰ ਵਜੋਂ, ਉਭਾਰ ਨਹੀਂ ਸਕੀ। ਅੱਜ ਸਿਆਸੀ ਮਹੌਲ 'ਚ ਇੱਕ ਖਲਾਅ ਪੈਦਾ ਹੋ ਗਿਆ ਹੈ। ਜੇ ਅਸੀਂ ਉਪ੍ਰੋਕਤ ਕਾਰਜ ਨੂੰ ਤਸੱਲੀਬਖਸ਼ ਢੰਗ ਨਾਲ ਪੂਰਾ ਕੀਤਾ ਹੁੰਦਾ ਤਾਂ ਸਿਆਸੀ ਮਹੌਲ 'ਚ ਖਲਾਅ ਨਹੀਂ ਸੀ ਪੈਦਾ ਹੋ ਸਕਦਾ ਸਗੋਂ ਕਮਿ. ਇਨ-ਕਲਾਬੀ ਲਹਿਰ ਨੇ ਇੱਕ ਬਦਲ ਵਜੋਂ, ਇੱਕ ਤੀਜੀ ਇਨਕਲਾਬੀ ਧਿਰ ਵਜੋਂ ਆਪਣੇ ਆਪ ਨੂੰ ਸਥਾਪਤ ਕਰ ਲਿਆ ਹੋਣਾ ਸੀ ਅਤੇ ਇਹ ਇੱਕ ਗਿਣਨਯੋਗ ਸਿਆਸੀ ਪ੍ਰਾਪਤੀ ਹੋਣੀ ਸੀ।

ਕਮਿ. ਇਨ ਲਹਿਰ ਨੂੰ ਆਪਣੀ ਇਸ ਕਮਜ਼ੋਰੀ ਨੂੰ ਜਿੰਨੀ ਜਲਦੀ ਹੋ ਸਕੇ ਦੂਰ ਕਰਨਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਇੱਕ ਫੌਰੀ ਆਰਥਕ-ਰਾਜਨੀਤਕ ਪ੍ਰੋਗਰਾਮ ਤਹਿ ਕਰੀਏ ਤੇ ਇਸ ਪ੍ਰੋਗਰਾਮ ਦੁਆਲੇ ਮਜ਼ਦੂਰ ਜਮਾਤ ਅਤੇ ਇਸਦੇ ਪੱਖ 'ਚ ਖੜ ਸਕਣ ਵਾਲੀਆਂ ਜਮਾਤਾਂ ਨੂੰ ਲਾਮਬੰਦ ਕਰੀਏ। ੦੦

## 3. ਪੰਜਾਬ ਅੰਦਰ ਇੰਦਰਾ ਹਕੂਮਤ ਦੀ ਸਿੱਖ ਫਿਰਕੂ ਫਾਸਿਸਟਾਂ ਖਿਲਾਫ ਕੀਤੀ ਫੌਜੀ ਕਾਰਵਾਈ ਬਾਰੇ

**ਗੁਰਦੇਵ ਸਿੰਘ ਤੇ ਸਾਥੀ ਸੰਗਰੂਰ ਤੋਂ**

ਜੂਨ 84 ਦੇ ਸ਼ੁਰੂ 'ਚ ਹੀ, ਇੰਦਰਾ ਹਕੂਮਤ ਨੇ ਪੰਜਾਬ ਭਰ ਅੰਦਰ ਫੌਜੀ ਤੇ ਨੀਮ-ਫੌਜੀ ਸ਼ਕਤੀਆਂ ਤਾਇਨਾਤ ਕਰਕੇ, ਕਰਫਿਊ ਦਾ ਐਲਾਨ ਕਰਕੇ; ਸੰਚਾਰ ਆਵਾਜਾਈ ਤੇ ਅਖਬਾਰਾਂ ਆਦਿ ਨੂੰ ਮੁਕੰਮਲ ਤੌਰ ਤੇ ਠੱਪ ਕਰਕੇ, ਪੰਜਾਬ ਦਾ ਸਮੁਚੇ ਮੁਲਕ ਤੇ ਸਮੁਚੀ ਦੁਨੀਆਂ ਨਾਲੋਂ ਮੁਕੰਮਲ ਸੰਪਰਕ ਕੱਟ ਕੇ; ਸਿੱਖ ਫਿਰਕੂ ਫਾਸ਼ੀ ਲਹਿਰ ਦਾ ਸਿਆਸੀ ਹੈਡ-ਕੁਆਟਰ, ਫੌਜੀ ਸਿਖਲਾਈ ਕੇਂਦਰ ਅਤੇ ਹਥਿਆਰਬੰਦ ਗੜ੍ਹ ਦਾ ਸਰੂਪ ਧਾਰਨ ਕਰ ਚੁਕੇ "ਹਰਿਮੰਦਰ ਸਾਹਿਬ ਕੰਪਲੈਕਸ" ਅੰਮ੍ਰਿਤਸਰ ਤੇ ਇਸੇ ਲਹਿਰ ਦਾ ਕੇਂਦਰ ਬਣੇ ਕੁਝ ਹੋਰ ਗੁਰਦੁਆਰਿਆਂ ਅੰਦਰ ਫੌਜੀ ਚੜ੍ਹਾਈ ਕਰਕੇ ਇਕ ਜ਼ਬਰਦਸਤ ਖੂਨਖਾਰ ਲੜਾਈ ਲੜੀ। ਇਸ ਲੜਾਈ ਵਿੱਚ ਜਿੱਥੇ 500-600 ਦੇ ਕਰੀਬ ਫਿਰਕੂ ਅੱਤਵਾਦੀ ਅਤੇ ਕੁਝ ਹੋਰ ਸਾਧਾਰਨ ਸਿੱਖ ਸ਼ਰਧਾਲੂ ਮਾਰੇ ਗਏ, ਉੱਥੇ 100 ਤੋਂ ਉਪਰ ਸਰਕਾਰੀ ਫੌਜੀ ਵੀ ਮੌਤ ਦੇ ਮੂੰਹ ਜਾ ਪਏ। ਇਸ ਫੌਜੀ ਐਕਸ਼ਨ ਨੇ ਸਿੱਖ ਫਿਰਕੂ ਫਾਸਿਸਟਾਂ ਦੇ ਸਭ ਤੋਂ ਵੱਡੇ ਗੜ੍ਹ ਦਾ ਖਾਤਮਾ ਕਰਕੇ ਅਤੇ ਇਨ੍ਹਾਂ ਦਾਂ ਵੱਡੀ ਪੱਧਰ ਤੇ ਸਫਾਇਆ ਕਰਕੇ ਇਕ ਵਾਰ ਇਨ੍ਹਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਸਾਧਾਰਨ ਹਿੰਦੂ ਜਨਤਾ ਤੇ ਹੋਰ ਸਿਆਸੀ ਵਿਰੋਧੀਆਂ ਦੇ ਹੋ ਰਹੇ ਕਤਲਾਂ ਨੂੰ ਵੱਡੀ ਪੱਧਰ ਤੇ ਠੱਲ੍ਹ ਪਈ ਹੈ। ਹਿੰਦੂ ਜਨਤਾ ਨੂੰ ਵਕਤੀ ਤੌਰ ਤੇ ਸੁਖ ਦਾ ਸਾਹ ਮਿਲਿਆ ਹੈ ਅਤੇ ਉਹ ਕਾਫੀ ਹੱਦ ਤੱਕ ਸੁਰੱਖਿਅਤ ਮਹਿਸੂਸ ਕਰਨ ਲੱਗੀ ਹੈ।

ਇਸ ਫੌਜੀ ਐਕਸ਼ਨ ਦੇ ਮੁਲੰਕਣ ਸੰਬੰਧੀ ਨਿਤਾਰਾ ਕਰਨ ਲਈ, ਇਸਦੇ ਪਿਛੋਕੜ ਤੇ ਝਾਤ ਮਾਰਨੀ ਲਾਜ਼ਮੀ ਹੈ।

ਸਿੱਖ ਫਿਰਕੂ ਫਾਸ਼ੀ ਲਹਿਰ, ਸਾਧਾਰਨ ਹਿੰਦੂ ਜਨਤਾ, ਨਿਰੰਕਾਰੀ ਮੱਤ ਦੇ ਪੈਰੋਕਾਰਾਂ ਅਤੇ ਆਪਦੇ ਹਰ ਤਰ੍ਹਾਂ ਦੇ ਸਿਆਸੀ ਵਿਰੋਧੀਆਂ ਦੇ ਕਤਲਾਂ ਦਾ ਵੱਡੀ ਪੱਧਰ ਤੇ ਸਿਲਸਲਾ ਚਲਾਉਂਦੀ ਤੇਜ਼ੀ ਨਾਲ ਹੋਰ ਵੱਧ ਭਿਆਨਕ ਤੇ ਮਨਹੂਸ ਰੂਪ ਧਾਰਨ ਕਰਦੀ ਜਾ ਰਹੀ ਸੀ; ਬੈਂਕ-ਡਕੈਤੀਆਂ ਤੇ ਲੋਕਾਂ ਦੇ ਮਾਲ ਦੀ ਲੁਟਮਾਰ ਤਾਂ ਕਿਧਰੇ ਰਹੀ। ਸਾਧਾਰਨ ਜਨਤਾ, ਖਾਸ ਕਰਕੇ ਹਿੰਦੂ ਜਨਤਾ 'ਚ ਅਸੁਰੱਖਿਆ ਦੀ ਭਾਵਨਾ ਤੇ ਦਹਿਸ਼ਤ ਦਾ ਮਹੌਲ ਬੁਰੀ ਤਰ੍ਹਾਂ ਜੜ੍ਹਾਂ ਜਮਾਂ ਚੁਕਾ ਸੀ। ਸਿੱਖ ਜਨਤਾ ਦੇ ਗਿਣਨਯੋਗ ਹਿੱਸਿਆ 'ਚ ਫਿਰਕੂ ਜ਼ਹਿਰ ਦਾ ਅਸਰ ਫੈਲ ਰਿਹਾ ਸੀ। ਅਜੇਹੀ ਹਾਲਤ ਦਾ ਲਾਹਾ ਲੈ ਕੇ, ਦੂਜੇ ਪਾਸੇ ਹਿੰਦੂ ਫਿਰਕੂ ਫਾਸ਼ੀ ਜਥੇਬੰਦੀਆਂ, ਹਿੰਦੂ ਜਨਤਾ 'ਚ ਫਿਰਕੂ ਜਨੂੰਨ ਤੇਜ਼ੀ ਨਾਲ ਪਸਾਰਾ ਕਰਦੀਆਂ ਜਾ ਰਹੀਆਂ ਸਨ। ਸਿੱਟੇ ਵਜੋਂ ਹਿੰਦੂ ਸਿੱਖ ਫਿਰਕੂ ਫਸਾਦਾਂ ਲਈ [ਖਾਸ ਕਰਕੇ ਪੰਜਾਬ ਦੇ ਸ਼ਹਿਰਾਂ ਅੰਦਰ] ਤਕੜਾ ਆਧਾਰ ਹੁੰਦਾ ਜਾ ਰਿਹਾ ਸੀ। ਅਜੇਹੀ ਹਾਲਤ ਪੈਦਾ ਹੋਣ ਦੀ ਸਿਆਸੀ ਜੁਮੇਂਵਾਰੀ ਤੋਂ ਕਾਂਗਰਸ ਤੇ ਅਕਾਲੀ ਦਲ ਦੋਵੇਂ ਬਰੀ ਨਹੀਂ ਹੁੰਦੇ।

ਇਕ ਪਾਸੇ, ਇਹ ਕਾਂਗਰਸ ਪਾਰਟੀ ਹੀ ਸੀ, ਜਿਸਨੇ ਮੁੱਢ 'ਚ ਆਪਦੇ ਸ਼ਰੀਕ ਅਕਾਲੀ ਦਲ ਨੂੰ ਪਾੜਨ ਅਤੇ ਇਸਦੇ ਸਮਾਜਕ ਆਧਾਰ ਨੂੰ ਖੋਰਾਂ ਪਾਂਉਣ ਤੇ ਆਪਦੇ ਸਮਾਜਕ ਆਧਾਰ ਦਾ ਪਸਾਰਾ ਕਰਨ ਦੇ ਤੰਗ ਸਿਆਸੀ ਮਨੋਰਥਾਂ ਤਹਿਤ, ਦਲ ਖਾਲਸਾ ਨੂੰ ਸਿਰਜਣ ਅਤੇ ਭਿੰਡਰਾਂਵਾਲੇ ਨੂੰ ਉਤਾਰਨਾ ਚਮਕਾਉਣ ਤੇ ਸਥਾਪਤ ਕਰਨ ਲਈ ਸਿਆਸੀ ਸ਼ਹਿ ਤੇ ਮੱਦਦ ਦਿੱਤੀ। ਬਾਅਦ 'ਚ ਭਿੰਡਰਾਂ ਵਾਲੇ ਦੇ ਇਸਦੇ ਹੱਥੋਂ ਨਿਕਲ ਜਾਣ ਤੇ ਅੱਤਵਾਦੀ ਕਾਰਵਾਈਆਂ ਨੂੰ ਸ਼ਹਿ ਤੇ ਮਦਦ ਦੇਣ ਦੀ ਜੁਮੇਂਵਾਰੀ ਨਿਰੋਲ ਅਕਾਲੀ ਦਲ ਤੇ ਸਿਟ ਕੇ, ਇਹਦੇ ਤੇ ਦੂਜੀਆਂ ਪਾਰਲੀਮਾਨੀ ਵਿਰੋਧੀ ਪਾਰਟੀਆਂ ਵਿਚਕਾਰ ਪਾੜਾ ਵਧਾਉਣ, ਇਸ ਨੂੰ ਸਾਧਾਰਨ ਹਿੰਦੂ ਜਨਤਾ 'ਚ ਬੁਰੀ ਤਰ੍ਹਾਂ ਬਦਨਾਮ ਕਰਨ ਦੇ ਸਿਆਸੀ ਮੰਤਵਾਂ ਤਹਿਤ ਸਿੱਖ ਫਿਰਕੂ ਫਾਸਿਸਟਾਂ ਨੂੰ ਕਰੜੇ ਹੱਥੀਂ ਨਜਿਠਣ ਤੋਂ ਲੰਮਾ ਸਮਾਂ ਟਾਲਾ ਵੱਟੀ ਰੱਖਿਆ। ਇਸ ਨੇ "ਹਰਿਮੰਦਰ ਸਾਹਿਬ" ਦੀ ਫਿਰਕੂ ਫਾਸ਼ੀ ਲਹਿਰ ਦੇ ਫੌਜੀ ਤੇ ਸਿਆਸੀ ਕਿਲ੍ਹੇ ਦੇ ਰੂਪ 'ਚ ਉਸਾਰੀ ਹੁੰਦੇ ਜਾਣ ਨੂੰ ਨੰਗੇ ਚਿੱਟੇ ਰੂਪ 'ਚ ਬਰਦਾਸ਼ਤ ਕੀਤਾ ਅਤੇ ਇਸ ਅੰਦਰ ਫੌਜਾਂ ਦਾਖਲ ਨਾ ਕਰਨ ਬਾਰੇ ਵਾਰ ਵਾਰ ਯਕੀਨ ਦੁਆਇਆ। ਇਸ ਤਰ੍ਹਾਂ ਸਾਧਾਰਨ ਜਨਤਾ ਦੇ ਜਾਨ-ਮਾਲ ਨੂੰ ਪਹੁੰਚੇ ਅੰਤਾਂ ਦੇ ਨੁਕਸਾਨ ਅਤੇ ਫਿਰਕੂ ਆਧਾਰ ਤੇ ਪੈ ਚੁਕੇ ਪਾੜੇ ਦੇ ਸਿਟੇ ਵਜੋਂ ਭਵਿੱਖ 'ਚ ਹੋ ਸਕਣ ਵਾਲੇ ਵੱਡੇ ਹਰਜੇ ਦੇ ਸੰਭਾਵਤ ਖਤਰੇ (Potential danger) ਨੂੰ ਪੈਦਾ ਕਰਨ 'ਚ ਬਣਦੀ ਸਿਆਸੀ ਜੁਮੇਂਵਾਰੀ ਤੋਂ ਕਾਂਗਰਸ ਕਿਸੇ ਤਰ੍ਹਾਂ ਵੀ ਬਰੀ ਨਹੀਂ ਹੁੰਦੀ।

ਦੂਜੇ ਪਾਸੇ ਇਹ ਅਕਾਲੀ ਦਲ ਹੀ ਸੀ, ਜਿਸ ਨੇ

ਪੰਜਾਬ ਅੰਦਰ ਵਰਤਮਾਨ ਉਲਝਣ ਭਰੀ ਸਥਿਤੀ ਵਿਚ ਕੀਤਾ ਕੀ ਜਾਵੇ ? ਇਸਦਾ ਇਕੋ ਇਕ ਰਾਹ ਪ੍ਰੋਲੇਤਾਰੀ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਸਮਾਜਿਕ ਹਕੀਕਤ ਤੋਂ ਜਾਣੂ ਕਰਵਾਉਣਾ ਹੈ। ਅਜੋਕੀ ਸਮਾਜਿਕ ਹਕੀਕਤ ਇਹ ਹੈ ਕਿ ਐਨ ਉਸੇ ਤਰ੍ਹਾਂ ਹੀ ਜਿਵੇਂ ਸੰਸਾਰ ਅੰਦਰ ਪ੍ਰਮਾਣੂ ਜੰਗ ਦੇ ਖਤਰੇ ਸਮੇਤ ਹਰ ਪ੍ਰਕਾਰ ਦੀਆਂ ਮੁਸੀਬਤਾਂ ਸੰਸਾਰ ਇਜਾਰੇਦਾਰ ਸਰਮਾਏਦਾਰ ਜਮਾਤ ਤੇ ਇਸਦੇ ਜੋਟੀਦਾਰਾਂ ਦੀ ਉੱਪਜ ਹਨ, ਪੰਜਾਬ ਦੀਆਂ ਵਰਤਮਾਨ ਦੁੱਖਦਾਈ ਹਾਲਤਾਂ (ਅਕਾਲੀਦਲ ਦੀਆਂ ਮੰਗਾਂ ਸਮੇਤ) ਵੀ ਭਾਰਤੀ ਹਾਕਮ ਜਮਾਤਾਂ,ਉਨ੍ਹਾਂ ਦੇ ਅਰਧ-ਸਾਮਰਾਜਵਾਦੀ ਤੇ ਮੌਜੂਦਾ ਰੂਸ ਪੱਖੀ ਹਾਕਮ ਗੁੱਟ ਵਲੋਂ ਪੈਦਾ ਕੀਤੀਆਂ ਗਈਆਂ ਹਨ। ਇਸ ਲਈ ਉਪਰੋਕਤ ਤਿੰਨੇ ਤੱਤਾਂ ਨੂੰ ਹਰ ਜਗਾਹ ਆਪਣੇ ਹਮਲੇ ਦਾ ਕੇਂਦਰ ਬਿੰਦੂ ਬਣਾਉਣਾ ਚਾਹੀਦਾ ਹੈ। ਇਹ ਕੁੱਝ ਕਰਦੇ ਹੋਇਆਂ, ਅਖੌਤੀ ਵਿਰੋਧੀ ਪਾਰਟੀਆਂ ਦੇ ਜਮਾਤੀ ਖਾਸੇ ਨੂੰ ਵੀ ਨੰਗਾ ਕਰਨਾ ਕਾਹੀਦਾ ਹੈ। ਇਹਨਾਂ ਵਿਰੋਧੀ ਪਾਰਟੀਆਂ ਵਲੋਂ ਫੌਜੀ ਕਾਰਵਾਈ ਨੂੰ ਸਹੀ ਅਤੇ ਜ਼ਰੂਰੀ ਠਹਿਰਾਉਣਾ ਦਸਦਾ ਹੈ ਕਿ ਉਹ ਫੌਜ ਨੂੰ ਜਮਾਤੀ ਹਿੱਤਾਂ ਦੀ ਰਖਵਾਲੀ ਲਈ ਇਕ ਜ਼ਰੂਰੀ ਅਦਾਰਾ ਸਮਝਦੇ ਹਨ। ਇਸ ਸਿਲਸਲੇ ਵਿਚ ਅਕਾਲੀ ਐਜੀਟੇਸ਼ਨ ਦੀਆਂ ਮੁੱਖ ਜਨਤਕ ਮੰਗਾਂ ਦੀ ਹਮਾਇਤ ਕੀਤੀ ਜਾਵੇ, ਜਦ ਕਿ ਇਸਦੇ ਫਿਰਕੂ ਨਾਹਰਿਆਂ ਤੇ ਕੰਮ ਢੰਗਾਂ ਦੀ ਤਿੱਖੇ ਤੌਰ 'ਤੇ ਅਲੋਚਨਾ ਕੀਤੀ ਜਾਵੇ। ਸਾਮਰਾਜਵਾਦ ਪੱਖੀ ਖਾਲਿਸਤਾਨ ਦੇ ਫਿਰਕੂ ਨਾਹਰੇ ਨੂੰ ਨੰਗਾ ਕਰਨ ਤੇ ਇਸਦਾ ਵਿਰੋਧ ਕਰਨਾ ਚਾਹੀਦਾ ਹੈ।

ਇਹ ਕਰਦਿਆਂ ਹੋਇਆਂ ਇਹ ਅਤਿਅੰਤ ਜ਼ਰੂਰੀ ਹੈ ਕਿ ਪ੍ਰੋਲੇਤਾਰੀ ਤੇ ਅਰਧ-ਪ੍ਰੋਲੇਤਾਰੀ ਜਮਾਤਾਂ ਦੀਆਂ ਮੰਗਾਂ ਨੂੰ ਉਭਾਰਿਆ ਜਾਵੇ ਅਤੇ ਸਰਗਰਮ ਸੰਘਰਸ਼ਾਂ ਵਿਚ ਉਹਨਾਂ ਨੂੰ ਲਾਮਬੰਦ ਕੀਤਾ ਜਾਏ।

ਪ੍ਰੋਲੇਤਾਰੀ ਜਮਾਤ ਤੇ ਹੋਰ ਮਿਹਨਤਕਸ਼ ਲੋਕਾਂ ਦੀ ਵਿਚਾਰਧਾਰਕ-ਰਾਜਨੀਤਕ ਚੇਤਨਾ ਨੂੰ ਉੱਚਾ ਚੁੱਕਣ ਲਈ ਹਰ ਇਕ ਮੌਕੇ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਉਹ ਇਸ ਸਮਾਜਕ ਸੱਚਾਈ—ਕਿ ਅਜੋਕੇ ਸੰਸਾਰ ਵਿਚ "ਧਰਮ ਯੁੱਧ" ਨਾਂ ਤਾਂ ਹਿੰਦੂਆਂ ਤੇ ਸਿੱਖਾਂ ਵਿਚਕਾਰ ਅਤੇ ਨਾ ਹੀ ਪਾਕਿਸਤਾਨੀਆਂ ਤੇ ਹਿੰਦੋਸਤਾਨੀਆਂ ਵਿਚਕਾਰ (ਭਾਵ ਨਾਂ ਤਾਂ ਧਰਮਾਂ ਵਿਚਕਾਰ ਤੇ ਨਾਂ ਹੀ ਕੌਮਾਂ ਵਿਚਕਾਰ) ਬਣਦਾ ਹੈ ਸਗੋਂ ਇਹ ਇਕ ਪਾਸੇ ਸੰਸਾਰ ਇਜਾਰੇਦਾਰ ਤੇ ਸਰਮਾਏਦਾਰ ਜਮਾਤ ਤੇ ਇਸਦੇ ਜੋਟੀਦਾਰਾਂ, ਅਤੇ ਦੂਜੇ ਪਾਸੇ, ਪ੍ਰੋਲੇਤਾਰੀ ਜਮਾਤ ਤੇ ਇਸਦੇ ਜਮਾਤੀ ਸੰਗੀਆਂ ਵਿਚਕਾਰ ਹੈ—ਨੂੰ ਇਕ ਵਾਰ ਆਤਮ-ਸਾਤ ਕਰ ਲੈਣ ਤਾਂ ਹਰ ਕਿਸਮ ਪਿਛਾਖੜ ਦੇ ਦਿਨ ਗਿਣੇ ਚੁਣੇ ਰਹਿ ਜਾਂਦੇ ਹਨ। ਪ੍ਰੋਲਤਾਰੀ ਜਮਾਤ ਦੀ ਚੇਤਣਤਾ ਹੀ ਮੱਸਲੇ ਦਾ ਸਾਰਥਕ ਹੱਲ ਕਰ ਸਕਦੀ ਹੈ।

(ਪ੍ਰੋਲੇਟੇਰੀਏਟ ਪਾਰਟੀ ਦੇ ਇਕ ਦਸਤਾਵੇਜ਼ ਵਿਚੋਂ)

ਆਪਣੇ ਤੰਗ ਸਿਆਸੀ ਹਿਤਾਂ ਖਾਤਰ ਧਾਰਮਕ ਤੇ ਫਿਰਕੂ ਲੀਹਾਂ ਤੇ ਖੜੇ ਆਪ ਦੇ ਸਮਾਜਕ ਆਧਾਰ ਨੂੰ ਖੋਰਾ ਪੈਣੋਂ ਰੋਕਣ, ਪੱਕੇ ਪੈਰੀਂ ਕਰਨ ਤੇ ਭਿੰਡਰਾਂ ਵਾਲੇ ਦੀ ਪੈਰੋਕਾਰ ਸਿੱਖ ਜਨਤਾ ਦੀ ਸਿਆਸੀ ਵੱਟਤ ਕਰਨ ਅਤੇ ਭਿੰਡਰਾਂਵਾਲੇ ਦੀ ਫ਼ਾਸ਼ੀ ਲਹਿਰ ਨੂੰ ਕਾਂਗਰਸੀ ਹਕੂਮਤ ਤੇ ਦਬਾਅ ਦੇ ਹਥਿਆਰ ਦੇ ਤੌਰ ਤੇ ਵਰਤਣ ਲਈ ਫਿਰਕੂ ਅੱਤਵਾਦੀਆਂ ਨੂੰ ਲਗਾਤਾਰ ਵਖ ਵੱਖ ਰੂਪਾਂ ਤੇ ਵੱਖ ਵੱਖ ਹੱਦ ਤੀਕ ਸ਼ਹਿ ਤੇ ਮਦਦ ਮੁਹੱਈਆ ਕੀਤੀ। ਇਹ ਅਕਾਲੀ ਦਲ ਹੀ ਸੀ ਜਿਸ ਨੇ ਸਿਖ ਫਿਰੱਕੂ ਲਹਿਰ ਲਈ ਲੋੜੀਂਦੇ ਵਿਚਾਰਧਾਰਕ ਅਧਾਰ ਦੀਆਂ ਨੀਹਾਂ ਰੱਖੀਆਂ ਤੇ ਪੱਕੀਆਂ ਕੀਤੀਆਂ। "ਸਿੱਖ ਇਕ ਕੌਮ ਹਨ", "ਸਿੱਖ ਗ਼ੁਲਾਮ ਹਨ" ਆਦਿ ਵਿਚਾਰਧਾਰਕ ਸੰਕਲਪ ਭਿੰਡਰਾਂ ਵਾਲੇ ਦੀ ਫਿਰਕੂ ਫ਼ਾਸ਼ੀ ਲਹਿਰ ਦਾ ਵਿਚਾਰਧਾਰਕ ਆਧਾਰ ਬਣੇ ਹਨ। ਇਹ ਅਕਾਲੀ ਦਲ ਹੀ ਸੀ, ਜਿਸ ਨੇ "ਹਰਿਮੰਦਰ ਸਾਹਿਬ" ਨੂੰ ਭਿੰਡਰਾਂ ਵਾਲੇ ਦਾ ਕਿਲ੍ਹਾ ਬਣਨ ਦੀ ਇਜਾਜ਼ਤ ਦਿੱਤੀ ਤੇ ਇਸ ਤੇ ਲਗਾਤਾਰ ਕੂੜ-ਪ੍ਰਚਾਰ ਰਾਹੀਂ ਪਰਦਾਪੋਸ਼ੀ ਕੀਤੀ ਅਤੇ ਅੱਤਵਾਦੀਆਂ ਦੇ ਖਿਲਾਫ਼ ਕਿਸੇ ਵੀ ਕਿਸਮ ਦੀ ਹਕੂਮਤੀ ਕਾਰਵਾਈ ਮੂਹਰੇ ਢਾਲ ਬਣਦਾ ਰਿਹਾ।

ਅੱਜ ਜਦੋਂ ਅਸੀਂ ਮੋੜਵੇਂ ਰੂਪ 'ਚ ਪੰਜਾਬ ਦੀ ਸਿਆਸੀ ਹਾਲਤ ਤੇ ਝਾਤ ਮਾਰਦੇ ਹਾਂ, ਤਾਂ ਇਹ ਤਸਵੀਰ ਸਪੱਸ਼ਟ ਉਘੜ ਕੇ ਸਾਹਮਣੇ ਆ ਜਾਂਦੀ ਹੈ ਕਿ ਕਾਂਗਰਸ ਤੇ ਅਕਾਲੀ ਦਲ ਦੇ ਜਮਾਤੀ ਸਿਆਸੀ ਹਿਤਾਂ ਤੇ ਮੁਜਰਮਾਨਾ ਸਿਆਸੀ ਰੋਲ ਸਦਕਾ ਅਤੇ ਕਮਿ. ਇਨ. ਤੇ ਜਮਹੂਰੀ ਜਨਤਕ ਤਾਕਤਾਂ ਦੀ ਸਿਰੇ ਦੀ ਕਮਜ਼ੋਰੀ ਤੇ ਪਾਟੋਧਾੜ ਦੇ ਸਿੱਟੇ ਵਜੋਂ ਹਾਲਾਤ ਨੂੰ ਕੋਈ ਅਸਰਦਾਰ ਮੋੜਾ ਨਾ ਦੇ ਸਕਣ ਸਦਕਾ, ਸਿੱਖ ਫਿਰਕੂ ਫਾਸਿਸ਼ਟ ਲਹਿਰ ਨੇ ਸਿਰੇ ਦੀ ਅੱਤ ਚੁਕ ਲਈ ਸੀ ਅਤੇ ਵੱਡੇ ਫਿਰਕੂ ਪੁਆੜਿਆਂ ਲਈ ਜ਼ਮੀਨ ਤਿਆਰ ਹੋ ਰਹੀ ਸੀ। ਇਸ ਲਹਿਰ ਦੀ ਪਿੱਠ ਪਿੱਛੇ ਸਿਖ ਬੁਰਜੂਆਂ ਤੇ ਜਗੀਰੂ ਜਮਾਤਾਂ ਦਾ ਤੇ ਅਫ਼ਸਰਸ਼ਾਹੀ ਦਾ ਇਕ ਬਹੁਤ ਛੋਟਾ ਹਿੱਸਾ ਸੀ ਅਤੇ ਇਸ ਲਹਿਰ ਨੂੰ ਇੰਦਰਾ ਹਕੂਮਤ 'ਤੇ ਦਬਾਅ ਦੇ ਪੈਂਤੜੇ ਵਜੋਂ ਵਰਤਣ ਲਈ ਅਮਰੀਕਨ ਸਾਮਰਾਜਵਾਦ ਤੇ ਹੋਰ ਪੱਛਮੀ ਤਾਕਤਾਂ ਦੀ ਲੁਕਵੀਂ ਤੇ ਸੀਮਤ ਮਦਦ ਵੀ ਹਾਸਲ ਸੀ। ਵਿਸ਼ੇਸ਼ ਕਰਕੇ ਪੰਜਾਬ ਅੰਦਰ, ਭਿੰਡਰਾਂ ਵਾਲੇ ਦੀ ਅਗਵਾਈ ਹੇਠਲੀ ਫਿਰੱਕੂ ਫਾਸ਼ੀ ਲਹਿਰ, ਸਾਧਾਰਨ ਹਿੰਦੂ, ਨਿਰੰਕਾਰੀ ਤੇ ਹਰ ਤਰ੍ਹਾਂ ਦੇ ਸਿਆਸੀ ਵਿਰੋਧੀਆਂ ਲਈ ਇਕ ਵੱਡਾ ਹਕੀਕੀ ਖਤਰਾ ਬਣ ਚੁਕੀ ਸੀ। ਕਮਿ. ਇਨ. ਤੇ ਹੋਰ 'ਜਮਹੂਰੀ

ਸ਼ਕਤੀਆਂ ਠੀਕ ਹੀ ਕਾਫ਼ੀ ਅਰਸੇ ਤੋਂ ਫਿਰਕੂ ਫ਼ਾਸ਼ਿਸ਼ਟਾਂ ਨੂੰ ਨੱਥ ਮਾਰਨ ਖਾਤਰ, ਸਖਤ ਕਾਰਵਾਈ ਕਰਨ ਲਈ ਸਰਕਾਰ ਉਪਰ ਦਬਾਅ ਲਾਮਬੰਦ ਕਰ ਰਹੀਆਂ ਸਨ। ਹਾਸਲ ਹਾਲਤਾਂ ਅੰਦਰ, ਇਸ ਤੇ ਕਰਾਰੀ ਸੱਟ ਮਾਰਨੀ ਸਮੇਂ ਦੀ ਸਿਰ ਚੜ੍ਹ ਕੇ ਕੂਕ ਰਹੀ ਮੰਗ ਸੀ। ਕਮਿ. ਇਨ. ਤੇ ਜਮਹੂਰੀ ਜਨਤਕ ਤਾਕਤਾਂ ਵੱਲੋਂ, ਸਮੇਂ ਦੀ ਇਸ ਬਾਹਰਮੁਖੀ ਲੋੜ ਤੇ ਪੂਰਾ ਨਾ ਉਤਰ ਸਕਣ ਦੀ ਗੈਰ-ਮੌਜੂਦਗੀ 'ਚ, ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਨੂੰ ਮੱਦੇ-ਨਜ਼ਰ ਰੱਖਦਿਆਂ ਪਹਿਲ-ਕਦਮੀ ਇੰਦਰਾ-ਹਕੂਮਤ ਨੇ ਲੈ ਲਈ। ਇੰਦਰਾ ਹਕਮਤ ਨੇ ਸਾਧਾਰਨ ਹਿੰਦੂ ਜਨਤਾ ਅੰਦਰ ਆਪਣੇ ਸਮਾਜਕ ਅਧਾਰ ਨੂੰ ਫੈਲਾਉਣ ਤੇ ਪੱਕੇ ਪੈਰੀਂ ਕਰਨ, ਅਕਾਲੀ ਦਲ ਤੇ ਹੋਰ ਵਿਰੋਧੀ ਸਿਆਸੀ ਧਿਰਾਂ ਦੇ ਸਮਾਜਕ ਆਧਾਰ ਤੇ ਪ੍ਰਭਾਵ ਨੂੰ ਖੋਰਨ ਅਤੇ ਰਾਜ-ਮਸ਼ੀਨਰੀ ਦੇ ਢਿੱਲੇ ਪੈਂਦੇ ਜਾ ਰਹੇ ਤਪ-ਤੇਜ ਨੂੰ ਬਹਾਲ ਕਰਨ ਖਾਤਰ, ਫ਼ੌਜੀ ਐਕਸ਼ਨ ਦਾ ਕਦਮ ਚੁਕ ਲਿਆ। ਪਰ ਕਿਉਂਕਿ ਏਡੇ ਸਖਤ ਕਦਮ ਤੋਂ ਬਿਨਾਂ, ਦਿੱਤੀਆਂ ਹਾਲਤਾਂ ਅੰਦਰ ਹੋਰ ਕੋਈ ਠੋਸ ਰਾਹ ਨਹੀਂ ਸੀ ਰਿਹਾ ਅਤੇ ਫੈਸਲਾਕੁਨ ਟੱਕਰ ਹੁਣ ਕਿਸੇ ਤਰ੍ਹਾਂ ਵੀ ਟਲ ਨਹੀਂ ਸੀ ਸਕਦੀ—ਇਸ ਲਈ ਬਾਹਰਮੁਖੀ ਲੋੜ ਦੇ ਆਧਾਰ ਤੇ ਫਿਰਕੂ-ਫਾਸਿਸਟਾਂ ਦੇ ਸਫਾਏ ਨੂੰ ਜਾਇਜ਼ ਤੇ ਦਰੁਸਤ ਕਰਾਰ ਦਿੰਦੇ ਹਾਂ। ਬਿਨਾਂ ਸ਼ੱਕ, ਇਸ ਕਾਰਵਾਈ ਨੂੰ ਬਹੁਤ ਪਛੜਕੇ ਕੀਤੀ ਕਾਰਵਾਈ ਸਮਝਦੇ ਹਾਂ ਅਤੇ ਅਧੂਰੀ ਵੀ ਸਮਝਦੇ ਜੇ ਕਾਂਗਰਸੀ ਹਕੂਮਤ ਐਨ ਮੁੱਢ ਹੀ ਹਰਕਤ ਚ ਆਈ ਹੁੰਦੀ ਤਾਂ ਬਹੁਤ ਛੋਟੀ ਲੜਾਈ ਲੜਕੇ, ਨਾ ਸਿਰਫ ਮੌਜੂਦਾ ਵੱਡੀ ਲੜਾਈ ਦੌਰਾਨ ਹੋਏ ਬੇਤਹਾਸ਼ਾ ਖ਼ੂਨ-ਖਰਾਬੇ ਤੋਂ ਬਚਿਆ ਜਾ ਸਕਦਾ ਸੀ, ਬਲਕਿ ਪਿਛਲੇ ਸਮੇਂ 'ਚ ਜਨਤਾ ਦੇ ਜਾਨ-ਮਾਲ ਦਾ ਹੋਇਆ ਅੰਤਾਂ ਦਾ ਹਰਜਾ ਬਚਾਇਆ ਜਾ ਸਕਦਾ ਸੀ, ਫ਼ਿਰਕੂ ਫ਼ਾਸ਼ੀ ਲਹਿਰ ਦੇ ਵਧਾਰੇ ਨੂੰ ਵੱਡੀ ਠੱਲ੍ਹ ਮਾਰੀ ਜਾ ਸਕਦੀ ਸੀ ਤੇ ਸਭ ਤੋਂ ਵੱਡੀ ਗੱਲ ਫਿਰਕੂ ਪਾੜੇ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਸੀ। ਇਸੇ ਕਰਕੇ ਇਸ ਕਾਰਵਾਈ ਨੂੰ ਬਹੁਤ ਪਛੜ ਕੇ ਕੀਤੀ ਕਾਰਵਾਈ ਸਮਝਦੇ ਹਾਂ। ਜਿਸ ਦੇ ਪਛੜਨ ਪਿਛੇ ਕਾਂਗਰਸੀ ਹਕੂਮਤ ਦੇ ਚੰਦਰੇ ਜਮਾਤੀ ਸਿਆਸੀ ਹਿਤ ਤੇ ਮੁਜਰਮਾਨਾ ਸਿਆਸੀ ਰੋਲ ਨੇ ਕੰਮ ਕੀਤਾ ਹੈ।

ਸਿਆਸੀ ਪੱਖੋਂ ਦੇਖਿਆਂ, ਇਹ ਕਾਰਵਾਈ ਅਧੂਰੀ ਹੈ। ਕਿਉਂਕਿ ਜਿਥੇ ਕਾਂਗਰਸ ਪਾਰਟੀ ਨੇ ਨਾ ਪਹਿਲਾਂ ਤੇ ਨਾ ਹੀ ਪਿੱਛੋਂ, ਫਿਰਕੂ ਅੱਤਵਾਦੀਆਂ ਦੇ ਖਿਲਾਫ ਕੋਈ ਗਿਣਨਯੋਗ ਤੇ ਅਸਰਦਾਰ ਪ੍ਰਚਾਰ-ਮੁਹਿੰਮ ਜਥੇਬੰਦ ਨਹੀਂ ਕੀਤੀ, ਉਥੇ ਕਾਂਗਰਸੀ ਹਕੂਮਤ ਵਲੋਂ ਫੌਜੀ ਐਕਸ਼ਨ ਤੋਂ ਕੁਝ ਦਿਨ ਪਹਿਲਾਂ ਤਕ ਵੀ ਇਥੋਂ ਤਕ ਦੇ ਯਕੀਨ ਦੁਆਏ ਜਾਂਦੇ ਰਹੇ ਹਨ ਕਿ "ਹਥਿਆਰਬੰਦ ਸ਼ਕਤੀਆਂ ਦਰਬਾਰ ਸਾਹਿਬ 'ਚ ਦਾਖਲ ਨਹੀਂ ਹੋਣਗੀਆਂ, ਇਸ ਦੀ ਪਵਿੱਤਰਤਾ ਨੂੰ ਭੰਗ ਨਹੀਂ ਕੀਤਾ ਜਾਵੇਗਾ।" ਇਹ ਗੱਲਾਂ ਸਾਫ਼ ਦਰਸਾਉਂਦੀਆਂ ਹਨ ਕਿ ਹਕੂਮਤੀ ਪ੍ਰਚਾਰ ਕਿੰਨਾ ਗੰਡੇ ਟੋਕੂ ਸੀ ਅਤੇ ਕਿਵੇਂ ਅੱਤਵਾਦੀਆਂ ਦੇ ਪੱਖ 'ਚ ਭੁਗਤਦਾ ਸੀ। ਤੱਤ-ਨਚੋੜ 'ਚ, ਸਿਆਸੀ ਪੱਧਰ ਤੋਂ ਫਿਰਕੂ ਫ਼ਾਸ਼ੀਆਂ ਤੇ ਹਮਲਾ ਚੜ੍ਹਾਈ ਦੇ ਪੈਂਤੜੇ ਤੋਂ ਕਰਨਾ ਤਾਂ ਇਕ ਪਾਸੇ ਰਿਹਾ, ਬਲਕਿ ਬਚਾਉ ਦੇ ਪੈਂਤੜੇ ਤੋਂ ਵੀ ਕੋਈ ਅਸਰਦਾਰ ਪ੍ਰਚਾਰ ਮੁਹਿੰਮ ਨਹੀਂ ਸੀ ਚਲਾਈ ਗਈ। ਸਿੱਟੇ ਵਜੋਂ ਅੱਤਵਾਦੀਆਂ ਨੂੰ ਸਾਧਾਰਨ ਸਿੱਖ ਸ਼ਰਧਾਲੂਆਂ ਨਾਲੋਂ ਨਿਖੇੜਨ ਤੇ ਫੌਜੀ ਐਕਸ਼ਨ ਦੀ ਵਾਜਬੀਅਤ ਬਣਾਉਣ 'ਚ ਵੱਡੀ ਨਾਕਾਮੀ ਰਹੀ ਹੈ। ਇਸੇ ਆਧਾਰ ਤੇ ਇਸ ਨੂੰ ਇਕ ਅਧੂਰੀ ਕਾਰਵਾਈ ਕਹਿੰਦੇ ਹਾਂ।

ਇਸ ਫੌਜੀ ਐਕਸ਼ਨ ਦੇ ਸਿਟੇ ਵਜੋਂ ਬਿਨਾਂ ਸ਼ੱਕ ਸਿੱਖ ਧਰਮ 'ਚ ਵਿਸ਼ਵਾਸ਼ ਰੱਖਣ ਵਾਲੀ ਸਾਧਾਰਨ ਜਨਤਾ ਵਡੀ ਪੱਧਰ ਤੇ ਝੰਜੋੜੀ ਗਈ ਹੈ। ਫੌਜਾਂ ਦੇ ਗੁਰਦੁਆਰੇ ਅੰਦਰ ਦਾਖਲ ਹੋਣ ਅਤੇ ਇਸ ਕਾਰਵਾਈ ਦੌਰਾਨ ਅਕਾਲ ਤਖਤ ਦੀ ਇਮਾਰਤ ਦੇ ਢਹਿ ਜਾਣ ਨੂੰ ਉਹ ਆਪਣੇ ਧਰਮ ਦੀ ਸਿਰੇ ਦੀ ਬੇਅਦਬੀ ਸਮਝ ਰਹੇ ਹਨ। ਸਿਖ ਫੌਜੀਆਂ ਦਾ ਹਜ਼ਾਰਾਂ ਦੀ ਗਿਣਤੀ 'ਚ ਬਾਗੀ ਹੋਣਾ, ਸਰਕਾਰੀ ਫੌਜਾਂ ਨਾਲ ਹਥਿਆਰਬੰਦ ਟੱਕਰ ਲੈਣੀ ਤੇ ਸੈਂਕੜਿਆਂ ਦਾ ਮਾਰੇ ਜਾਣਾ, ਇਸਦੇ ਖਿਲਾਫ ਸਿਰੇ ਦਾ ਇਜ਼ਹਾਰ ਸੀ। ਸਿਖ ਜਨਤਾ ਦੇ ਧਾਰਮਕ ਜਜ਼ਬਾਤ; ਫਿਰਕੂ ਗੁਸੇ ਤੇ ਨਫਰਤ ਦਾ ਰੂਪ ਧਾਰਨ ਕਰੀ ਬੈਠੇ ਹਨ ਤੇ ਇਸਦੀ ਧੂਣੀ ਅੰਦਰੋ ਅੰਦਰੀ ਧੁਖ ਰਹੀ ਹੈ ਫਿਰਕੂ ਜਨੂੰਨੀ ਅਨਸਰ ਇਸਨੂੰ ਹਵਾ ਦੇਣ ਯਤਨਾਂ 'ਚ ਹਨ। ਇਹ ਨਾਜ਼ਕ ਹਾਲਤ, ਕਮਿ. ਇਨ. ਸ਼ਕਤੀਆਂ ਤੇ ਜਮਹੂਰੀ ਤਾਕਤਾਂ ਤੋਂ ਬਹੁਤ ਹੀ ਸੂਝ ਸਿਆਣਪ, ਮਹਾਰਤ ਤੇ ਦਲੇਰੀ ਦੀ ਮੰਗ ਕਰਦੀ ਹੈ ਕਿ ਉਹ ਅਜੇਹੀ ਹਾਲਤ ਅੰਦਰ ਆਪਣੇ ਦਰੁਸਤ ਪੈਂਤੜੇ ਤੇ ਡਟਦਿਆਂ ਸਾਧਾਰਨ ਸਿੱਖ ਜਨਤਾ ਨੂੰ ਇਹ ਜਚਾਉਣ ਕਿ ਕਿਵੇਂ ਉਹ ਕਿਸੇ ਵੀ ਧਰਮ ਦੇ ਮਾਮਲਿਆਂ ਅੰਦਰ ਹਕੂਮਤੀ ਦਖਲ-ਅੰਦਾਜ਼ੀ ਜਾਂ ਧਾਰਮਕ ਅਸਥਾਨਾਂ ਅੰਦਰ ਪੁਲਸ-ਫੌਜ ਦੇ ਦਾਖਲੇ ਡਟਵੇਂ ਵਿਰੋਧੀ ਹਨ ਅਤੇ ਅਜੇਹੀ ਧਾਰਮਕ ਬੇਅਦਬੀ ਦੇ ਖਿਲਾਫ ਲੜਨ ਵਾਲਿਆਂ ਦੀਆਂ ਮੂਹਰਲੀਆਂ ਸਫ਼ਾਂ 'ਚ ਹੋਣਾ ਆਪਦਾ ਜਮਹੂਰੀ ਕਰਤਵ ਸਮਝਦੇ ਹਨ—ਬਸ਼ਰਤੇ ਇਹ ਧਾਰਮਕ ਅਸਥਾਨ ਨਿਰੋਲ ਧਾਰਮਕ

ਪੰਜਾਬ ਅੰਦਰ ਫੌਜੀ ਰਾਜ ਮੜ੍ਹਨ, ਤੋਂ ਬਾਅਦ ਇੰਦਰਾ ਹਕੂਮਤ ਵਲੋਂ ਆਪਣੇ ਆਪ ਨੂੰ ਐਮਰਜੈਂਸੀ ਦੇ ਕਾਲੇ ਰਾਜ ਵਾਂਗ ਜਾਂ ਉਸ ਤੋਂ ਵੀ ਵਧੇਰੇ ਜਾਬਰ ਅਧਿਕਾਰਾਂ ਨਾਲ ਲੈਸ ਕਰਨ ਲਈ ਆਰਡੀਨੈਂਸਾਂ ਦਾ ਤਾਂਤਾ ਹੀ ਬੰਨ੍ਹ ਦਿੱਤਾ ਗਿਆ। ਇਸ ਲੜੀ ਦੀ ਸਿਖ਼ਰਲੀ ਕੜੀ ਵਜੋਂ "ਵਿਸ਼ੇਸ਼ ਅਦਾਲਤਾਂ" ਨਿਯੁਕਤ ਕਰਨ ਦੇ ਹੁਣ ਜਾਰੀ ਕੀਤੇ ਗਏ ਨਵੇਂ ਆਰਡੀਨੈਂਸ ਰਾਹੀਂ ਅਜਿਹੇ ਅਧਿਕਾਰ ਹਾਸਲ ਕਰ ਲਏ ਗਏ ਹਨ ਜਿਹਨਾਂ ਦੀ ਵਰਤੋਂ ਉਹ ਆਪਣੀ ਸਰਕਾਰ ਵਿਰੁੱਧ ਉਠ ਰਹੇ ਜਾਂ ਹੋਰ ਵੀ ਵਧੇਰੇ ਸ਼ਕਤੀ ਨਾਲ ਉੱਠਣ ਵਾਲੇ ਲੋਕ ਘੋਲਾਂ ਵਿਰੁੱਧ ਕਰੇਗੀ। ਇਹ ਠੀਕ ਹੈ ਕਿ ਹੋਰਨਾਂ ਕਾਲੇ ਕਾਨੂੰਨਾਂ ਅਤੇ ਆਰਡੀਨੈਂਸਾਂ ਵਾਂਗ ਇਸ ਆਰਡੀਨੈਂਸ ਨੂੰ ਵੀ ਉਹ ਹਾਕਮ ਜਮਾਤਾਂ ਦੇ ਇਕ ਹਿੱਸੇ ਵਿਰੁੱਧ ਵੀ ਵਰਤੋਂ ਵਿਚ ਲਿਆਵੇਗੀ ਪਰ ਇਹਨਾਂ ਦਾ ਅਸ਼ਲ ਮਕਸਦ ਮਜ਼ਦੂਰਾਂ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੇ ਹੋਰਨਾਂ ਹਿੱਸਿਆਂ ਦੇ ਹੱਕੀ ਘੋਲਾਂ ਨੂੰ ਕੁਚਲਣਾ ਹੀ ਹੈ। ਮੌਜੂਦਾ ਆਰਡੀਨੈਂਸ ਦਾ ਘੇਰਾ ਐਡਾ ਚੌੜਾ ਮਿਥਿਆ ਗਿਆ ਹੈ ਕਿ ਇਸ ਰਾਹੀਂ ਉਹ ਇੰਦਰਾ ਸਰਕਾਰ ਵਿਰੁੱਧ ਕਿਸੇ ਵੀ ਮਕਸਦ ਨਾਲ ਉੱਠਣ ਵਾਲੇ ਮਾਮੂਲੀ ਤੋਂ ਮਾਮੂਲੀ ਰੋਸ ਦੀ ਸੰਘੀ ਨੱਪ ਸਕਦੀ ਹੈ, ਅਤੇ ਸਬੰਧਤ ਭਾਰਤਵਾਸੀ ਨੂੰ ਬੰਦ ਕਮਰੇ ਵਿਚ ਹੋਣ ਵਾਲੀ ਸੁਣਵਾਈ ਰਾਹੀਂ ਸੀਖਾਂ ਪਿਛੇ ਬੰਦ ਕਰ ਸਕਦੀ ਹੈ। ਇਸ ਦੀ ਸਭ ਤੋਂ ਘਿਨਾਉਣੀ ਮਦ ਇਹ ਹੈ ਕਿ ਹੁਣ ਇੰਦਰਾ ਸਰਕਾਰ ਨੂੰ ਨਹੀਂ ਸਗੋਂ ਉਸ ਵਲੋਂ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ ਖੁਦ ਹੀ ਇਹ ਸਾਬਤ ਕਰਨਾ ਹੋਵੇਗਾ (ਉਹ ਵੀ ਬੰਦ ਕਮਰੇ 'ਚ) ਕਿ ਉਹ ਮੁਜਰਮ ਨਹੀਂ ਹੈ। ਇਸ ਦਾ ਅਸਲੀ ਅਰਥ ਇਹ ਬਣਦਾ ਹੈ ਕਿ ਹੁਣ ਲੋਕਾਂ ਦੀ ਅਸਲ ਮੁਜਰਮ ਇੰਦਰਾ ਸਰਕਾਰ ਮੁਦਲੀ ਹੋਵੇਗੀ ਜਦੋਂ ਕਿ ਅਸਲ ਮੁਦੱਈ ਮੁਜਰਮ ਬਣ ਜਾਣਗੇ। ਇਸ ਰਾਹੀਂ ਲੋਕਾਂ ਦੇ ਖੂਨ ਦੀ ਹੋਲੀ ਖੇਡਣ ਲਈ ਸਿਖਅਤ ਕੀਤੀਆਂ ਗਈਆਂ ਪੁਲਸ ਅਤੇ ਨੀਮ ਫੌਜੀ ਤਾਕਤਾਂ ਸਮੇਤ ਫੌਜ ਵਰਗੀਆਂ ਅਜੰਸੀਆਂ ਨੂੰ ਜਬਰ-ਜ਼ੁਲਮ ਦਾ ਨੰਗਾ ਨਾਚ ਨੱਚਣ ਦੀ ਹੋਰ ਵਧੇਰੇ ਖੁੱਲ ਮਿਲ ਜਾਵੇਗੀ।

ਇਹਨਾਂ ਆਰਡੀਨੈਂਸਾਂ ਸਮੇਤ ਪੰਜਾਬ ਅੰਦਰ ਫੌਜੀ ਰਾਜ ਦੇ ਖਾਤਮੇ ਲਈ ਮਿਹਨਤਕਸ਼ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਤਾਕਤਾਂ ਨੂੰ ਇਕੱਠੀਆਂ ਕਰਨ ਅਤੇ ਆਪਦੇ ਹੱਕੀ ਘੋਲਾਂ ਨੂੰ ਸੂਝ ਬਹਿੰਦੇ ਢੰਗਾਂ ਰਾਹੀਂ ਹੋਰ ਵੀ ਭਿੱਖਿਆਂ ਕਰਨ ਅਤੇ ਮੰਗ ਕਰਨ ਕਿ :

1. ਮੌਜੂਦਾ ਆਰਡੀਨੈਂਸ ਸਮੇਤ ਸਾਰੇ ਕਾਲੇ ਕਨੂੰਨ ਅਤੇ ਆਰਡੀਨੈਂਸ ਖਤਮ ਕਰੋ ਸਿਆਸੀ ਵਿਰੋਧੀਆਂ ਵਿਰੁੱਧ ਇਹਨਾਂ ਦੀ ਵਰਤੋਂ ਬੰਦ ਕਰੋ।

2 ਕੇਵਲ ਗੁਰਦੁਆਰਿਆਂ ਵਿਚੋਂ ਹੀ ਨਹੀਂ ਸਗੋਂ ਪੰਜਾਬ ਭਰ ਵਿਚੋਂ ਫੌਜੀ ਰਾਜ ਦਾ ਖਾਤਮਾ ਕਰੋ ਅਤੇ ਫੌਜ ਸਮੇਤ ਸੀ. ਆਰ. ਪੀ. ਅਤੇ ਬੀ. ਐਸ. ਐਫ. ਵਾਪਸ ਸੱਦੋ।

3. ਪ੍ਰੈਸ ਸੈਂਸਰਸ਼ਿੱਪ ਦਾ ਖਾਤਮਾ ਕਰੋ।

4. ਧਾਰਮਿਕ ਮਾਮਲਿਆਂ ਵਿੱਚ ਸਿਆਸੀ ਅਤੇ ਰਾਜਸੀ ਦੋਵੇਂ ਕਿਸਮ ਦੇ ਦਖ਼ਲ ਬੰਦ ਕਰੋ।

ਸਰਗਰਮੀਆਂ ਦਾ ਹੀ ਕੇਂਦਰ ਹੋਣ। ਪ੍ਰੰਤੂ ਮੌਜੂਦਾ ਹਾਲਤ ਅੰਦਰ, ਹਰਿਮੰਦਰ ਸਾਹਿਬ ਨੂੰ ਭਿੰਡਰਾਂਵਾਲੇ-ਦੀ ਫ਼ਾਸ਼ੀ ਫੌਜ ਨੇ, ਧਰਮ ਦੀ ਆੜ ਲੈ ਕੇ, ਲੋਕਾਂ ਦੇ ਕਤਲਾਂ ਦੀ ਲਹਿਰ ਦੇ ਕੇਂਦਰ, ਹਿੰਦੂ-ਸਿਖਾਂ ਨੂੰ ਆਪਸ ਵਿਚੀਂ ਭਰਾ-ਮਾਰ ਲੜਾਈ ਵਿਚ ਧੱਕਣ ਲਈ ਖਤਰਨਾਕ ਲੋਕ-ਦੁਸ਼ਮਣ ਫਿਰਕੂ ਸਾਜਸ਼ਾਂ ਦੇ ਕੇਂਦਰ ਵਿਚ ਬਦਲ ਕੇ ਰੱਖ ਦਿੱਤਾ ਸੀ। ਸੋ, ਇਸ ਕਰਕੇ ਅੱਤਵਾਦੀਆਂ ਦਾ ਸਫਾਇਆ ਕਿਸੇ ਤਰ੍ਹਾਂ ਵੀ ਧਾਰਮਕ ਅਸਥਾਨ ਦੀ ਬੇਅਦਬੀ ਨਹੀਂ ਹੈ। ਇਹ ਸਿੱਖਾਂ ਦੇ ਧਾਰਮਕ ਮਾਮਲਿਆਂ ਵਿਚ ਦਖਲ ਅੰਦਾਜ਼ੀ ਹੋਣ ਦੀ ਬਜਾਏ, ਲੋਕਾਂ ਦੇ ਜ਼ਿੰਦਗੀ ਜਿਉਣ ਦੇ ਮੁਢਲੇ ਅਧਿਕਾਰ ਨੂੰ ਮਿੱਟੀ 'ਚ ਮਿਲਾ ਰਹੀ ਤੇ ਹਰ ਵਿਰੋਧੀ ਆਵਾਜ਼ ਨੂੰ ਗੋਲੀਆਂ ਦੀ ਵਾਛੜ ਨਾਲ ਬੰਦ ਕਰ ਰਹੀ ਫਾਸ਼ੀ ਤਾਕਤ ਦਾ ਹੀ ਖਾਤਮਾ ਹੈ। ਇਉਂ ਕਰਦਿਆਂ ਕਾਂਗਰਸੀ ਹਕੂਮਤ ਤੇ ਅਕਾਲੀ ਦਲ ਦੇ ਚੰਦਰੇ ਜਮਾਤੀ ਸਿਆਸੀ ਹਿਤਾਂ ਤੇ ਮੁਜਰਮਾਨਾ ਰੋਲ ਨੂੰ ਜ਼ੋਰ ਨਾਲ ਨੰਗਾ ਕਰਦਿਆਂ ਦਰਸਾਉਣਾ ਚਾਹੀਦਾ ਹੈ ਕਿ ਕਿਵੇਂ ਇਨ੍ਹਾਂ ਨੇ ਪੰਜਾਬ ਦੀ ਹਾਲਤ ਨੂੰ ਵਿਗਾੜ ਕੇ ਇਸ ਪਾਏ ਤੱਕ ਪਹੁੰਚਾਇਆ।

ਦੂਜੇ ਪਾਸੇ ਹਿੰਦੂ ਜਨਤਾ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਹਕੂਮਤੀ ਕਾਰਵਾਈ ਦੇ ਸਿੱਟੇ ਵਜੋਂ ਬਿਨਾਂ ਸ਼ੱਕ ਕਤਲਾਂ ਦੇ ਸਿਲਸਿਲੇ ਨੂੰ ਵੱਡੀ ਪੱਧਰ ਤੇ ਠੱਲ੍ਹ ਪਈ ਹੈ, ਭਾਵੇਂ ਫਿਰਕੂ ਅੱਤਵਾਦੀਆਂ ਦੇ ਖਿਲਾਫ ਕਾਰ-ਵਾਈ ਜਾਇਜ਼ ਤੇ ਸਹੀ ਹੈ, ਪਰ ਉਨ੍ਹਾਂ ਨੂੰ ਕਾਂਗਰਸੀ ਹਕੂਮਤ ਦੇ ਹਿਤਾਂ ਤੇ ਖਾਸੇ ਬਾਰੇ ਕੋਈ ਭੁਲੇਖਾ ਨਹੀਂ ਖਾਣਾ ਚਾਹੀਦਾ। ਨਾ ਹੀ ਉਨ੍ਹਾਂ ਨੂੰ ਭਰਮ ਪਾਲਣਾ ਚਾਹੀਦਾ ਹੈ ਕਿ ਉਹ ਹੁਣ ਮੁਕੰਮਲ ਤੌਰ ਤੇ ਸੁਰਖਿਅਤ ਹੋ ਗਏ ਹਨ। ਉਨ੍ਹਾਂ ਨੂੰ ਕੋਈ ਅਜੇਹੀ ਹਰਕਤ ਨਹੀਂ ਕਰਨੀ ਚਾਹੀਦੀ ਜਿਸਦੇ ਸਿੱਟੇ ਵਜੋਂ ਸਿਖ ਫ਼ਿਰਕੂ ਜਨੂੰਨੀਆ ਨੂੰ ਹਾਲਤ ਨੂੰ ਹੋਰ ਵਿਗਾੜਨ ਦਾ ਬਹਾਨਾ ਮਿਲੇ। ਨਾਲ ਹੀ ਉਨ੍ਹਾਂ ਨੂੰ ਹਿੰਦੂ ਫਿਰਕੂ ਜਨੂੰਨੀ ਜਥੇ-

(ਇਨਕਲਾਬੀ ਕਮਿਊਨਿਸਟ ਕੇਂਦਰ, ਭਾਰਤ (ਮਾਰਕਸਵਾਦੀ ਲੈਨਿਨਵਾਦੀ ਦੇ ਇਕ ਦਸਤਾਵੇਜ਼ ਵਿਚੋਂ)

ਬੰਦੀਆਂ ਤੇ ਅਨਸਰਾਂ ਤੋਂ ਵੀ ਸਾਵਧਾਨ ਕਰਨਾ ਚਾਹੀਦਾ ਹੈ, ਜੋ ਹਾਲਾਤ ਨੂੰ ਉਲਟੋ ਰੁਖ ਮੋੜਾ ਦਿੰਦੀਆਂ ਹਨ। ਉਨ੍ਹਾਂ ਦੀ ਸੁਰੱਖਿਆ ਦਾ ਸਵਾਲ ਦਰਅਸਲ ਕਮਿ. ਇਨ. ਤੇ ਜਮਹੂਰੀ ਸ਼ਕਤੀਆਂ ਨਾਲ ਜੁੜਕੇ ਵਿਸ਼ਾਲ ਜਮਹੂਰੀ ਲਹਿਰ ਦੇ ਅੰਗ ਬਣਕੇ ਚਲਦਿਆਂ ਫਿਰਕੂ ਪਾੜਾ ਘਟਾਉਣ ਦੀ ਦਿਸ਼ਾ ਵਿਚ ਵਧਣ 'ਚ ਹੈ।

ਮੌਜੂਦਾ ਫੌਜੀ ਐਕਸ਼ਨ ਦੇ ਨਾਂ-ਪੱਖੀ ਅਸਰ ਵਜੋਂ ਫਿਰਕੂ ਪਾੜਾ ਹੋਰ ਵੀ ਵਧ ਗਿਆ ਹੈ। ਭਾਵੇਂ ਸਿੱਖ ਫਿਰਕੂ ਫਾਸ਼ੀ ਤਾਕਤਾਂ ਇਕ ਵਾਰ ਬੁਰੀ ਤਰ੍ਹਾਂ ਕਮਜ਼ੋਰ ਹੋ ਗਈਆਂ ਹਨ, ਖਿੰਡਾਅ ਦੀ ਹਾਲਤ 'ਚ ਹਨ ਇਕ ਬੱਝਵੀਂ ਅਗਵਾਈ ਤੋਂ ਸੱਖਣੀਆਂ ਹਨ ਅਤੇ ਬੁਰੀ ਤਰ੍ਹਾਂ ਹਕੂਮਤੀ ਹਮਲੇ ਦੀ ਮਾਰ ਹੇਠ ਆਈਆਂ ਹੋਈਆਂ ਹਨ। ਬਾਵਜੂਦ ਇਸ ਸਭ ਕੁਝ ਦੇ ਵਧਿਆ ਹੋਇਆ ਫਿਰਕੂ ਪਾੜਾ, ਭਵਿਖ 'ਚ ਖਾਲਸਤਾਨੀ ਫਾਸ਼ੀ ਲਹਿਰ ਦੇ ਮੁੜ ਜ਼ੋਰ ਫੜਨ ਅਤੇ ਹਿੰਦੂ ਸਿੱਖ ਫਿਰਕੂ ਫਸਾਦਾਂ ਦਾ ਸੰਭਾਵਤ ਖਤਰਾਂ (Potential danger) ਸਮੋਈ ਬੈਠਾ ਹੈ।

ਵਾਪਰੀਆਂ ਦੁਖਦਾਈ ਘਟਨਾਵਾਂ ਤੋਂ ਸਬਕ ਸਿੱਖ ਕੇ ਸਿੱਧੇ ਰਾਹੇ ਮੁੜਨ ਦੀ ਥਾਂ ਅਕਾਲੀ ਦਲ ਨੇ ਸਿਰੇ ਦਾ ਭੜਕਾਊ ਤੇ ਫਿਰਕੂ ਪਰਚਾਰ ਕਰਨ ਦਾ ਰੱਥ ਫੜ੍ਹ ਲਿਆ ਹੈ। ਉਹ ਨਾ ਸਿਰਫ ਇਹ ਜਵਾਬ ਦੇਣ ਤੋਂ ਮਕਾਰਾਨਾ ਟਾਲਾ ਵੱਟ ਰਹੇ ਹਣ ਕਿ ਉਨ੍ਹਾਂ ਭਿੰਡਰਾਵਾਲੇ ਨੂੰ ਖੁਲ੍ਹ ਖੇਡਣ ਦੀ ਇਜ਼ਾਜ਼ਤ ਕਿਉਂ ਦਿੱਤੀ ਕਿ, ਅਜਿਹਾ ਕਰਨ ਦੇਣਾ ਕਿਵੇਂ ਜਾਇਜ਼ ਬਣਦਾ ਹੈ ਅਤੇ ਕਿ ਅਜਿਹੀਆਂ ਘਿਰਣਤ ਮੁਜ਼ਰਮਾਨਾ ਕਾਰਵਾਈਆਂ ਕਰਨ ਦੀ ਖੁਲ੍ਹ ਨੂੰ ਕਿਵੇਂ ਧਾਰਮਕ ਅਜ਼ਾਦੀ ਦਾ ਨਾਂ ਦਿੱਤਾ ਜਾ ਸਕਦਾ ਹੈ; ਸਗੋਂ ਫੌਜੀ ਕਾਰਵਾਈ ਨੂੰ "ਸਿੱਖੀ ਦੀ ਹੋਂਦ ਵਿਰੁੱਧ ਜੰਗ" ਦਾ ਨਾਂ ਦੇ ਕੇ ਬਲਦੀ ਤੇ ਤੇਲ ਪਾ ਰਹੇ ਹਨ। ਭਿੰਡਰਾਂ ਵਾਲੇ ਤੇ ਉਹਦੇ ਜਨੂੰਨੀ ਚੇਲਿਆਂ ਨੂੰ "ਸ਼ਹੀਦਾਂ" ਦਾ ਰੁੱਤਬਾ ਦੇ ਕੇ, ਧਾਰਮਕ ਸਥਾਨਾਂ ਅਤੇ ਔਰਤਾਂ ਦੀ ਬੇਪੱਤੀ, ਬੱਚਿਆਂ ਤੇ ਔਰਤਾਂ 'ਤੇ ਜਬਰ ਦੀਆਂ ਹੌਲਨਾਕ ਤੇ ਮਨਘੜੰਤ ਅਫਵਾਹਾਂ ਉਡਾਕੇ ਭੜਕਾਹਟ ਫੈਲਾ ਰਹੇ ਹਨ। ਇਸ ਤਰ੍ਹਾਂ ਉਹ ਹਿੰਦੂ-ਸਿੱਖ ਏਕਤਾ ਦਾਆਂ ਫੋਕੀਆਂ ਟਾਹਰਾਂ ਦੇ ਉਹਲੇ ਅਸਲ 'ਚ ਫਿਰਕੂ ਫਾਸਿਸ਼ਟਾਂ ਦਾ ਸਮਾਜਕ ਅਧਾਰ ਚੌੜਾ ਕਰਨ ਦੀ ਭੂਮਕਾ ਨਿਭਾ ਰਹੇ ਹਨ।

ਅਜੇ ਹੀ ਨਾਜ਼ਕ ਹਾਲਤ ਅੰਦਰ ਫਿਰਕੂ ਪਾੜੇ ਨੂੰ ਘਟਾਉਣ ਦੀ ਜ਼ੁਮੇਵਾਰੀ ਕਮਿ: ਇਨ: ਤੇ ਜਮਹੂਰੀ ਸ਼ਕਤੀਆਂ ਸਿਰ ਹੋਰ ਵੀ ਵਧ ਜਾਂਦੀ ਹੈ। ਇਕ ਪਾਸੇ ਉਨ੍ਹਾਂ ਨੂੰ **ਵਿਸ਼ਾਲ ਤੋਂ ਵਿਸ਼ਾਲ ਸਾਂਝੇ ਫਿਰਕਾਪ੍ਰਸਤੀ ਵਿਰੋਧੀ ਧੜੇ ਦੀ ਉਸਾਰੀ** ਕਰਦਿਆਂ ਵਿਸ਼ਾਲ ਜਮਹੂਰੀ ਲਹਿਰ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਦੂਜੇ ਪਾਸੇ, ਮੌਜੂਦਾ ਲੁਟੇਰੇ ਤੇ ਜਾਬਰ ਪ੍ਰਬੰਧ ਦੇ ਖਿਲਾਫ ਮਿਹਨਤਕਸ਼ ਲੋਕਾਂ ਦੇ ਮਨਾਂ 'ਚ ਪਏ ਗੁਸੇ ਤੇ ਨਫਰਤ ਨੂੰ ਹਾਂ-ਪੱਖੀ ਦਿਸ਼ਾ 'ਚ ਢਾਲਣ ਲਈ ਜਮਾਤੀ ਘੋਲਾਂ-ਖਾਸ ਕਰਕੇ ਕਿਸਾਨੀ ਘੋਲਾਂ ਨੂੰ ਤੇਜ਼ੀ ਨਾਲ ਦਰੁਸਤਰੁਖ ਅੱਗੇ ਵਧਾਉਣ ਦੀ ਲੋੜ ਹੈ ਤਾਂ ਜੁ ਇਸ ਗੁਸੇ ਤੇ ਨਫਰਤ ਨੂੰ ਫਿਰਕੂ ਤਾਕਤਾਂ ਵੱਲੋਂ ਵਰਤਣ ਦੀ ਗੁੰਜਾਇਸ਼ ਖਾਰਜ ਹੁੰਦੀ ਜਾਵੇ।

ਲੁਟੇਰੀਆਂ ਹਾਕਮ ਜਮਾਤਾਂ ਦੀ ਫੌਜ ਦੇ ਲੋਕ-

## ਕੌਮ ਅਤੇ ਦੇਸ਼ ਦਾ ਧਾਰਮਕ ਅਧਾਰ ਰੱਦ

ਅਸੀਂ ਛੋਟੀਆਂ ਕੌਮੀਅਤਾਂ ਦੇ ਹੱਕਾਂ ਅਤੇ ਧਾਰਮਕ ਘੱਟ ਗਿਣਤੀਆਂ ਦੀਆਂ ਸਮਸਿਆਵਾਂ ਅਤੇ ਸੂਬਿਆਂ ਨੂੰ ਵਧੇਰੇ ਖੁਦਮੁਖਤਾਰੀ ਦੇਣ ਦੇ ਪੱਕੇ ਹਮੈਤੀ ਹਾਂ। ਇਨ੍ਹਾਂ ਸਾਰੇ ਮਸਲਿਆਂ ਉਪਰ ਅਸੀਂ ਹਮੇਸ਼ਾਂ ਹੀ ਅਸੂਲੀ ਪੁਜ਼ੀਸ਼ਨ ਲਈ ਹੈ ਭਾਵੇਂ ਸਾਨੂੰ ਨਾਪਸੰਦੀ ਵੀ ਸਹੇੜਨੀ ਪਈ। ਪਰ ਅਸੀਂ ਇਹ ਪੁਜ਼ੀਸ਼ਨ ਲੈ ਕੇ ਮੌਕਾਪ੍ਰਸਤੀ ਦੀ ਭਾਵਨਾ ਨੂੰ ਪੂਰੀ ਸੌਝੀ ਅਤੇ ਸੋਘੀ ਨਾਲ ਰੋਕਿਆ। ਪਰ ਅਸੀਂ ਧਰਮ ਉਪਰ ਆਧਾਰਤ ਕਿਸੇ ਭਾਈਚਾਰੇ ਨੂੰ ਕੌਮ ਦਾ ਦਰਜਾ ਦੇਣ ਲਈ ਸਹਿਮਤ ਨਹੀਂ ਹਾਂ ਅਤੇ ਨਾ ਹੀ ਇਸ ਆਧਾਰ ਉਪਰ ਵੱਖਰਾ ਰਾਜ (State) ਕਾਇਮ ਕਰਨ ਦੇ ਗਲਤ ਸੰਕਲਪ ਦੀ ਹਮੈਤ ਕਰਦੇ ਹਾਂ। ਸਾਡਾ ਪੱਕਾ ਮੱਤ ਹੈ ਕਿ ਧਰਮ ਕਿਸੇ ਵੀ ਸੰਪੂਰਨ ਤੇ ਵਿਕਸਤ ਕੌਮ ਦਾ ਆਧਾਰ ਨਹੀਂ ਹੋ ਸਕਦਾ ਅਤੇ ਨਾ ਹੀ ਵੱਖਰੇ ਦੇਸ਼ ਦੀ ਮੰਗ ਦਾ ਆਧਾਰ ਹੋ ਸਕਦਾ ਹੈ।

ਜਦੋਂ ਕੁਝ ਨਿਰਾਸ਼, ਚੌਧਰ ਦੇ ਭੁੱਖੇ ਅਤੇ ਧੰਦਾ ਖੋਰ (Careeist) ਸਿੱਖ ਸਿਆਸਤਦਾਨਾਂ ਵਲੋਂ ਭਾਰਤ ਨਾਲੋਂ ਅਲੱਗ ਹੋ ਕੇ ਖਾਲਿਸਤਾਨ ਦੀ ਸਥਾਪਨਾ ਦਾ ਨਾਹਰਾ ਲਾਇਆ ਜਾਂਦਾ ਰਿਹਾ ਹੈ ਤਾਂ ਅਸੀਂ ਹਮੇਸ਼ਾਂ ਹੀ ਇਸ ਨਾਹਰੇ ਦੀ ਅਸੂਲੀ ਅਤੇ ਦਲੀਲ-ਭਰਪੂਰ ਵਿਰੋਧਤਾ ਕਰਦੇ ਰਹੇ। ਇਹ ਸਾਡੀ ਸੋਚੀ-ਸਮਝੀ ਰਾਏ ਹੈ ਅਤੇ ਇਕ ਆਮ ਤਜਰਬਾ ਵੀ ਹੈ ਕਿ ਅਜਿਹੇ ਨਾਹਰੇ ਆਮ ਕਰਕੇ ਸਾਮਰਾਜੀ ਸ਼ਕਤੀਆਂ, ਖਾਸ ਕਰਕੇ ਦੋ ਮਹਾਂ ਸ਼ਕਤੀਆਂ ਦੀ ਸ਼ਹਿ ਨਾਲ ਲਾਏ ਜਾਂਦੇ ਹਨ। ਇਨ੍ਹਾਂ ਨਾਲ ਤੀਸਰੀ ਦੁਨੀਆਂ ਦੇ ਦੇਸ਼ਾਂ ਨੂੰ ਵੰਡਿਆ ਤੇ ਟੋਟੇ ਟੋਟੇ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵਿਚ ਅਸਥਿਰਤਾ ਦੀਆਂ ਹਾਲਤਾਂ ਪੈਦਾ ਕੀਤੀਆਂ ਜਾਂਦੀਆਂ ਹਨ। ਅਜਿਹੇ ਗੁੰਮਰਾਹਕੁੰਨ ਨਾਹਰੇ ਮਿਹਨਤਕਸ਼ ਲੋਕਾਂ ਨੂੰ, ਫਿਰਕਾਪ੍ਰਸਤੀ ਅਤੇ ਇਲਾਕਾਵਾਦ ਦੇ ਆਧਾਰ ਉਪਰ ਵੰਡਦੇ ਹਨ ਅਤੇ ਅਸਲੀ ਦੁਸ਼ਮਣਾਂ ਨੂੰ ਉਨ੍ਹਾਂ ਦੀਆਂ ਅੱਖਾਂ ਤੋਂ ਉਹਲੇ ਕਰਦੇ ਹਨ। —ਹਿਰਾਵਲ ਦਸਤਾ 'ਚੋਂ

## ਇਕ ਟਿੱਪਣੀ

"ਭਾਰਤ ਨੇ ਜੋ ਹੈਰਾਨਕੁੰਨ ਤਰੱਕੀ ਕੀਤੀ ਹੈ, ਬਾਹਰਲੇ ਦੇਸ਼ ਉਸ ਤੇ ਈਰਖਾ ਕਰਦੇ ਹਨ। ਇਸੇ ਲਈ ਉਹ ਵੱਖਵਾਦੀ ਲਹਿਰਾਂ ਨੂੰ ਸ਼ਹਿ ਦੇ ਕੇ ਇਥੇ ਗੜਬੜ ਹੋਈ ਦੇਖਣਾ ਚਾਹੁੰਦੇ ਹਨ, ਤਾਂ ਜੁ ਸਾਡੀ ਤਰੱਕੀ ਵਿਚ ਵਿਘਨ ਪਏ" —ਪ੍ਰਧਾਨ ਮੰਤਰੀ ਇੰਦਰਾ ਗਾਂਧੀ

ਬਾਹਰਲੇ ਦੇਸ਼ਾਂ ਨੂੰ ਭਾਰਤ ਵਿਚ ਹੋਈ ਤਰੱਕੀ ਨਾਲ ਈਰਖਾ ਹੈ, ਕਿਉਂ ਕਿ ਇਹ ਭਾਰਤ ਹੀ ਹੈ—

- ਜਿਥੇ 70 ਕ੍ਰੋੜ ਲੋਕ ਰਹਿੰਦੇ ਹੋਣ, ਉਹ ਓਲਿੰਪਿਕ ਖੇਡਾਂ ਖੇਡਾਂ ਖੇਡਣ ਜਾਣ ਤਾਂ ਇਕ ਵੀ ਤਮਗਾ ਲਏ ਬਗੈਰ ਵਾਪਸ ਆ ਜਾਣ।
- ਜਿਥੇ 37 ਸਾਲਾਂ ਦੀ ਆਜ਼ਾਦੀ ਦੇ ਬਾਅਦ 70 ਕ੍ਰੋੜ ਲੋਕਾਂ ਵਿਚ 45 ਕ੍ਰੋੜ ਲੋਕ ਭੁੱਖ ਮਰੀ ਦੇ ਪੱਧਰ ਥੱਲੇ ਜਿਉਂਦੇ ਹੋਣ।
- ਜਿਥੇ 22 ਹਜ਼ਾਰ ਪਿੰਡਾਂ ਵਿਚ ਇਸ ਵੀਹਵੀਂ ਸਦੀ ਦੇ ਸਾਇੰਸ ਦੇ ਯੁਗ ਵਿਚ ਵੀ ਮਨੁੱਖਾਂ ਦੇ ਯੋਗ ਪੀਣ ਵਾਲਾ ਪਾਣੀ ਨਾ ਮਿਲਦਾ ਹੋਵੇ।

......ਤੇ ਜਿਥੇ ਏਨਾ ਕੁਝ ਹੁੰਦਾ ਹੋਵੇ, ਬਾਹਰਲੇ ਦੇਸ਼ਾਂ ਨੂੰ ਈਰਖਾ ਹੋਣੀ ਹੋਈ।

ਦੁਨੀਆ ਭਰ ਦੇ ਦੇਸ਼ਾਂ ਨੂੰ ਈਰਖਾ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਕੋਲ ਏਨੀ 'ਅਣਖ' ਤੇ 'ਜ਼ਮੀਰ' ਵਾਲਾ ਪ੍ਰਧਾਨ ਨਹੀਂ ਹੈ ਤੇ ਨਾ ਹੀ ਇਹੋ ਜਿਹੀ 'ਸੱਚੀ ਸੁੱਚੀ' ਪ੍ਰਧਾਨ ਮੰਤਰੀ ਹੈ, ਜਿਹੜੀ ਪਾਰਲੀਮੈਂਟ ਤੋਂ ਲੈ ਕੇ ਲਾਲ ਕਿਲ੍ਹੇ ਤਕ 'ਸੱਚ ਤੇ ਸਿਰਫ ਸੱਚ' ਹੀ ਬੋਲਦੀ ਹੈ।

---

ਦੁਸ਼ਮਣ ਖਾਸੇ ਦੇ ਸਿੱਟੇ ਵਜੋਂ, ਹਰਿਮੰਦਰ ਸਾਹਿਬ ਤੇ ਕਈ ਹੋਰ ਗੁਰਦੁਆਰਿਆਂ 'ਚ ਅਨੇਕਾਂ ਸਾਧਾਰਨ ਸਿੱਖ ਸ਼ਰਧਾਲੂਆਂ ਨੂੰ ਵੀ ਇਸ ਐਕਸ਼ਨ ਦੌਰਾਨ ਗੋਲੀਆਂ ਨਾਲ ਉਡਾ ਦੇਣ ਦੀਆਂ ਵਾਰਦਾਤਾਂ, ਨੂੰ ਸਪੱਸ਼ਟ ਤੌਰ ਤੇ ਜ਼ੁਲਮੀ ਕਾਰਾ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਤੇ ਇਸਦੀ ਜ਼ੋਰਦਾਰ ਨਿਖੇਧੀ ਕਰਨੀ ਚਾਹੀਦੀ ਹੈ। ਬਿਨਾਂ ਕਿਸੇ ਵਖਰੇਵੇਂ ਤੋਂ (Indiscriminately) ਕੀਤੇ ਇਹ ਕਤਲ, ਫੌਜੀ ਕਾਰਵਾਈ ਦਾ ਦੂਜਾ ਪਾਸਾ ਹੈ, ਜੋ ਸਰਾਸਰ ਨਹੱਕਾ ਹੈ। ਇਸਦਾ ਡਟਵਾਂ ਵਿਰੋਧ ਕਰਨਾ ਬਣਦਾ ਹੈ। ਇਸੇ ਤਰ੍ਹਾਂ ਕਰਫਿਊ ਦੌਰਾਨ ਅਨੇਕਾਂ ਥਾਈਂ, ਆਮ ਲੋਕਾਂ ਨੂੰ ਅੰਨੇਵਾਹ ਕੁਟ ਮਾਰ ਕਰਕੇ ਕਰਫਿਊ ਦੇ 'ਅਰਥ ਸਮਝਾਉਣ' ਤੇ ਦਹਿਸ਼ਤ ਪਾਉਣ ਦੀਆਂ ਲੋਕ ਵਿਰੋਧੀ ਧੱਕੜ ਕਾਰਵਾਈਆਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਜਿਥੋਂ ਤੱਕ ਪਹਿਲਾਂ ਹੀ ਸੀਮਤ ਜਮਹੂਰੀ ਹੱਕਾਂ ਤੇ ਸ਼ਹਿਰੀ ਆਜ਼ਾਦੀਆਂ ਦਾ ਤੁਅੱਲਕ ਹੈ, ਇਸਨੂੰ ਠੋਸ ਬਾਹਰਮੁਖੀ ਹਾਲਤਾਂ ਦੇ ਪ੍ਰਸੰਗ 'ਚ ਵਿਚਾਰਨਾ ਚਾਹੀਦਾ ਹੈ। ਜਮਹੂਰੀਅਤ ਬਾਰੇ ਸਾਡਾ ਸੰਕਲਪ ਕਤਈ (Absolute) ਆਜ਼ਾਦੀ ਦਾ ਨਹੀਂ ਹੋ ਸਕਦਾ। ਅਜਿਹਾ ਸੰਕਲਪ ਇਕ ਅਰਾਜਕ ( Anarchist ) ਵਿਚਾਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਹਰਮੰਦਰ ਸਾਹਿਬ 'ਚ ਫੌਜੀ ਕਾਰਵਾਈ ਦੌਰਾਨ ਕਤਈ ਅਜ਼ਾਦੀ ਦੀ ਗੱਲ ਦਾ ਮਤਲਬ ਇਕੋ ਤੇ ਸਿਰਫ ਇਕੋ ਸੀ—ਫਿਰਕੂ ਜਨੂੰਨ ਨੂੰ ਖੁਲ੍ਹ ਖੇਡਣ ਦੇਣੀ ਤੇ ਹਿੰਦੂ-ਸਿਖ ਫਸਾਦਾਂ ਰਾਹੀਂ ਕਤਲੇਆਮ ਕਰਵਾਉਣਾ। ਇਸਦੀ ਅਸੀਂ ਕਦਾਚਿਤ ਇਜਾਜ਼ਤ ਨਹੀਂ ਦੇਣ ਲੱਗੇ। ਇਸੇ ਕਰਕੇ ਗੁਰਦੁਆਰਿਆਂ ਤੇ ਖਾਸ ਕਰਕੇ ਹਰਿਮੰਦਰ ਸਾਹਿਬ (ਜੋ ਅੱਤਵਾਦੀਆਂ ਦੇ ਗੜ੍ਹ ਬਣੇ ਹੋਏ ਸਨ) ਤੇ ਫੌਜੀ ਕਾਰਵਾਈ ਦੌਰਾਨ ਲੋਕਾਂ ਦੇ ਪਹਿਲਾਂ ਹੀ ਸੀਮਤ ਜਮਹੂਰੀ ਹੱਕਾਂ ਤੇ ਸ਼ਹਿਰੀ ਆਜ਼ਾਦੀਆਂ ਦੇ ਵਕਤੀ ਖਾਤਮੇ ਦੀ ਵਾਜਬੀਅਤ ਸਮਝ 'ਚ ਆਉਣ ਵਾਲੀ ਗੱਲ ਹੈ। ਇਸ ਕਰਕੇ ਮੁਢ ਮੁਢ 'ਚ ਕਰਫਿਊ ਅਵਸਰ ਦੀ ਜ਼ਰੂਰਤ ਹੋਣ ਕਰਕੇ ਜਾਇਜ਼ ਸੀ।

ਪਰੰਤੂ ਇਸ ਪੜਾਅ ਤੋਂ ਬਾਅਦ (ਹਥਿਆਰਬੰਦ ਫੌਜੀ ਕਾਰਵਾਈ ਦਾ ਮੁੱਖ ਹਿੱਸਾ ਮੁਕੰਮਲ ਹੋਣ ਤੋਂ ਬਾਦ) ਹੁਣ ਵੀ ਜਮਹੂਰੀ ਹੱਕਾਂ ਤੇ ਪਾਬੰਦੀਆਂ ਲਾਈ ਰੱਖਣਾ, ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਇਨ੍ਹਾਂ ਦੇ ਖਾਤਮੇ ਲਈ ਕਮਿ. ਇਨ. ਤੇ ਜਮਹੂਰੀ ਸ਼ਕਤੀਆਂ ਨੂੰ ਜ਼ੋਰਦਾਰ ਆਵਾਜ਼ ਉਚੀ ਕਰਨੀ ਚਾਹੀਦੀ ਹੈ। ਫਿਰਕੂ ਫਾਸ਼ੀ ਤਾਕਤਾਂ ਨੂੰ ਛੱਡਕੇ ਬਾਕੀ ਹਰ ਤਰ੍ਹਾਂ ਦੀਆਂ ਸਿਆਸੀ ਤੇ ਜਨਤਕ ਸ਼ਕਤੀਆਂ ਨੂੰ ਕੰਮ ਕਰਨ ਤੇ ਕਿਸੇ ਕਿਸਮ ਦੀ ਰੋਕ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

ਆਪਦੇ ਲੋਕ ਦੁਸ਼ਮਣ ਕਿਰਦਾਰ ਕਰਕੇ, ਅੱਤਵਾਦੀ ਕਾਰਵਾਈਆਂ ਦੇ ਬਹਾਨੇ ਹੇਠ, ਹਕੂਮਤ, ਜਮਹੂਰੀ ਹੱਕਾਂ ਤੇ ਪਾਬੰਦੀਆਂ ਜਾਰੀ ਰੱਖ ਰਹੀ ਹੈ। ਇਉਂ ਕਰਕੇ ਇਹ ਨਾ ਸਿਰਫ ਤਰ੍ਹਾਂ ਤਰ੍ਹਾਂ ਦੇ ਸਿਆਸੀ ਵਿਰੋਧੀਆਂ ਦੀਆਂ ਸਰਗਰਮੀਆਂ ਨੂੰ ਠੱਪ ਕਰ ਰਹੀ ਹੈ, ਬਲਕਿ ਹੱਕੀ ਜਮਾਤੀ ਤੇ ਜਮਹੂਰੀ ਘੋਲਾਂ ਨੂੰ ਵੀ ਦਬਾ ਕੇ ਰੱਖ ਰਹੀ ਹੈ ਤੇ ਫਿਰਕਾਪ੍ਰਸਤੀ ਵਿਰੁਧ ਜਦੋਜਹਿਦ ਨੂੰ ਅੱਗੇ ਵਧਾਉਣ 'ਚ ਅੜਿਕਾ ਬਣ ਰਹੀ ਹੈ।

ਕਾਂਗਰਸੀ ਹਕੂਮਤ, ਦੂਜੇ ਨੰਬਰ ਤੇ, ਕਮਿ. ਇਨ. ਤੇ ਜਮਹੂਰੀ ਸ਼ਕਤੀਆਂ ਤੇ ਵੀ ਹਮਲਾ ਕਰ ਰਹੀ ਹੈ। ਵੱਖ ਵੱਖ ਇਨਕਲਾਬੀ ਤੇ ਹੋਰ ਜਨਤਕ ਜਥੇਬੰਦੀਆਂ (ਖਾਸ ਕਰਕੇ ਭਾਰਤੀ ਕਿਸਾਨ ਯੂਨੀਅਨ) ਦੇ ਆਗੂਆਂ ਤੇ ਕਾਰਕੁੰਨਾਂ ਦੀਆਂ ਗਰਿਫਤਾਰੀਆਂ ਛਾਪਿਆਂ ਆਦਿ ਰਾਹੀਂ ਖੱਜਲ ਖੁਆਰ ਕਰਦਿਆਂ ਦਹਿਸ਼ਤ ਪਾਉਣ ਦੇ ਕਮੀਨੇ ਯਤਨ ਕੀਤੇ ਜਾ ਰਹੇ ਹਨ। ਇਸਦਾ ਡਟਵਾਂ ਤੇ

ਢੁਕਵਾਂ ਜਨਤਕ ਵਿਰੋਧ ਲਾਮਬੰਦ ਕੀਤਾ ਜਾਣਾ ਚਾਹੀਦਾ ਹੈ।

ਫਿਰਕਾਪ੍ਰਸਤੀ ਵਿਰੋਧੀ ਵਿਸ਼ੇਸ਼ ਜਦੋਜਹਿਦ ਨੂੰ ਅਗੇ ਵਧਾਉਣ ਦੇ ਕਾਰਜ ਨੂੰ ਸੰਬੋਧਤ ਹੁੰਦਿਆਂ ਫਿਰਕੂ ਸਦਭਾਵਨਾ ਬਰਕਰਾਰ ਰੱਖਣ 'ਤੇ ਧਿਆਨ ਕੇਂਦਰਤ ਕਰਦਿਆਂ ਹੇਠਲੀਆਂ ਫੌਰੀ ਮੰਗਾਂ ਵੀ ਉਠਾਈਆਂ ਜਾਣੀਆਂ ਚਾਹੀਦੀਆਂ ਹਨ।

1. ਫਿਰਕੂ ਫਾਸ਼ੀ ਜਥੇਬੰਦੀਆਂ ਬਿਨਾਂ, ਬਾਕੀ ਹਰ ਤਰ੍ਹਾਂ ਦੀਆਂ ਸਿਆਸੀ ਤੇ ਜਨਤਕ ਸ਼ਕਤੀਆਂ ਲਈ ਜਮਹੂਰੀ ਹੱਕਾਂ ਤੋਂ ਸਾਰੀਆਂ ਪਾਬੰਦੀਆਂ ਫੌਰੀ ਤੌਰ ਤੇ ਖਤਮ ਕੀਤੀਆਂ ਜਾਣ।
2. ਫਿਰਕੂ ਅੱਤਵਾਦੀਆਂ ਤੇ ਮੁਕਦਮੇ ਚਲਾਕੇ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ।
3. ਰਾਜ ਮਸ਼ੀਨਰੀ ਅੰਦਰ ਫਿਰਕੂ ਫਾਸ਼ੀ ਲਹਿਰ ਨੂੰ ਸ਼ਹਿ ਤੇ ਮਦਦ ਦੇਣ ਵਾਲੇ ਦੋਸ਼ੀ ਅਨਸਰਾਂ ਦੇ ਖਿਲਾਫ ਕੇਸ ਦਰਜ ਕਰਕੇ, ਜੇਲ੍ਹਾਂ 'ਚ ਬੰਦ ਕੀਤਾ ਜਾਵੇ ਤੇ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ। o

o

## 4. ਪੰਜਾਬ ਅੰਦਰਲੀ ਹਾਲਤ ਦੇ ਬਦਲੇ ਮੁਹਾਂਦਰੇ ਅਤੇ ਇਸਦੀਆਂ ਲੋੜਾਂ ਬਾਰੇ ਇਕ ਜਾਇਜ਼ਾ

ਐਸ ਵੇਲੇ, ਪੰਜਾਬ ਅੰਦਰਲੀ ਹਾਲਤ ਉਸ ਨਾਲੋਂ ਕਾਫ਼ੀ ਵੱਖਰੀ ਹੈ ਜਿਹੜੀ ਹਾਲਤ ਖਾਲਸਤਾਨੀ ਦਹਿਸ਼ਤ-ਪਸੰਦਾਂ ਵਿਰੁੱਧ ਫੌਜੀ ਕਾਰਵਾਈ ਤੋਂ ਪਹਿਲਾਂ ਬਣੀ ਹੋਈ ਸੀ। ਇਹ ਉਸ ਨਾਲੋਂ ਵੀ ਵੱਖਰੀ ਹੈ ਜਿਹੜੀ ਹਾਲਤ ਹਰਮੰਦਰ ਸਾਹਬ ਅਹਾਤੇ ਅੰਦਰ ਅਤੇ ਹੋਰਨਾਂ ਥਾਵੀਂ ਵਾਪਰੀਆਂ ਖੂਨੀ ਘਟਨਾਵਾਂ ਮਗਰੋਂ ਕੋਈ ਮਹੀਨਾ ਕੁ ਭਰ ਕਾਇਮ ਰਹੀ। ਪਹਿਲਾਂ, ਪੰਜਾਬ ਦੇ ਲੋਕਾਂ ਦੇ ਫਿਰਕੂ ਅਮਨ, ਏਕਤਾ ਅਤੇ ਸੁਰੱਖਿਆ ਦੇ ਮਗਰ ਪਈ ਦਹਿਸ਼ਤ ਪਸੰਦੀ ਦੀ ਬਲਾ, ਹਾਲਤ ਅੰਦਰਲਾ ਸਭ ਤੋਂ ਰੜਕਵਾਂ ਅੰਸ਼ ਸੀ। ਮਗਰੋਂ, ਇਹ ਪੰਜਾਬ ਅੰਦਰ ਹਿੰਦੂ ਤਬਕੇ ਵਿਰੁੱਧ ਫਿਰਕੂ ਗੁਬਾਰ ਨਿਕਲਣ ਦਾ ਗੰਭੀਰ ਖਤਰਾ ਸੀ। ਫਿਰਕੂ ਗੁਬਾਰ ਜਿਹੜਾ ਕਿ ਹਰਮੰਦਰ ਸਾਹਬ ਅਹਾਤੇ ਅੰਦਰ ਹੋਏ ਖੂਨ ਖਰਾਬੇ ਤੇ ਤਬਾਹੀ ਵਿਰੁਧ ਹਰਖੇ ਹੋਏ ਸਿੱਖ—ਸਮੂਹਾਂ ਦੀ ਹਾਲਤ-ਰੁਖ ਮੋੜਵੀਂ ਕਾਰਵਾਈ ਹੋਣੀ ਸੀ। ਭਾਵੇਂ ਹਾਲਤ ਅਜੇ ਗੁੰਝਲਦਾਰ ਤੇ ਤਿਲਕਣਹਾਰ ਹੈ ਅਮਨ ਕਾਨੂੰਨ ਦੀ ਸਮੱਸਿਆ ਇਸਦਾ ਭਾਰੂ ਅਹਿਮੀਅਤ ਵਾਲਾਂ ਅੰਸ਼ ਨਹੀਂ ਰਹੀ।

ਪੰਜਾਬ ਅੰਦਰ ਲਾਗੂ ਹੋਏ ਦਬਾਊ ਕਾਲੇ ਆਰਡੀਨੈਂਸ ਦੀ ਕਟਕ-ਚੜ੍ਹਾਈ, ਜਿਹੜੀ ਪਹਿਲਾਂ ਵੀ, ਖਾਲਸਤਾਨੀ ਦਹਿਸ਼ਤ-ਪਸੰਦੀ ਦੀ ਬਲਾ ਉਤੇ ਕਾਬੂ ਪਾਉਣ ਵਾਸਤੇ ਗੈਰ-ਜ਼ਰੂਰੀ ਸੀ, ਹੁਣ ਆਪਣੀ ਵਾਜਬੀਅਤ ਦਾ ਭਰਮ ਵੀ ਗੁਆ ਚੁੱਕੀ ਹੈ। ਇਹਨਾਂ ਦਬਾਊ ਅਖਤਿਆਰਾਂ ਦੀ ਤੇਜ਼ਧਾਰ, ਹੋਰ ਤੋਂ ਹੋਰ, ਲੋਕਾਂ ਦੀਆਂ ਪੂਰੀਆਂ ਸ਼ਿਕਾਇਤਾਂ ਦੇ ਹੱਕੀ ਇਜ਼ਹਾਰ ਦੀ ਸੰਘੀ ਘੁੱਟਣ ਅਤੇ ਲੋਕ-ਘੋਲਾਂ ਨੂੰ ਨੱਕਾ ਮਾਰਨ ਵੱਲੀ ਪਲਟ ਰਹੀ ਹੈ। ਇਸਦੀ ਸਭ ਤੋਂ ਉਘੜਵੀਂ ਮਿਸਾਲ ਹੈ ਭਾਰਤੀ ਕਿਸਾਨ ਯੂਨੀਅਨ ਦੇ ਝੰਡੇ ਹੇਠ ਕੁੱਝ ਸਹੂਲਤਾਂ ਹਾਸਲ ਕਰਨ ਲਈ ਚਲ ਰਹੀ ਕਿਸਾਨ ਲਹਿਰ ਨੂੰ ਕੁਚਲਣ ਲਈ ਪੁਲਸ ਵਲੋਂ ਇਹਨਾਂ ਖਾਸ ਅਖਤਿਆਰਾਂ ਤੇ ਫੌਜ ਦੀ ਮੌਜੂਦਗੀ ਦੀ ਵਰਤੋਂ ਕਰਨਾ। ਇਸੇ ਕਰਕੇ, ਇਹਨਾਂ ਦਬਾਊ ਆਰਡੀਨੈਂਸਾਂ ਦੀ ਤੁਰੰਤ ਮਨਸੂਖੀ ਅਤੇ ਫੌਜ ਦੀ ਵਾਪਸੀ, ਜੁਝਾਰੂ ਜਨਤਾ ਅਤੇ ਸਭਨਾਂ ਜਮਹੂਰੀ ਤੇ ਇਨਕਲਾਬੀ ਸ਼ਕਤੀਆਂ ਦੀ ਸਹੀ ਤੇ ਤੀਬਰ ਮੰਗ ਹੈ।

ਪਰਧਾਨ ਮੰਤਰੀ ਇੰਦਰਾ ਗਾਂਧੀ ਦਾ ਇਉਂ ਆਖਣਾ ਬਹੁਤ ਫਜ਼ੂਲ ਤੇ ਕੰਦਰੀ ਗੱਲ ਹੈ ਕਿ ਇਹ ਮੰਗ "ਹਕੀਕਤੋਂ ਟੁੱਟੀ ਹੈ ਅਤੇ ਮੌਜੂਦਾ ਅਸਧਾਰਨ ਦਬਾਊ ਰਾਜ ਪੰਜਾਬ ਅੰਦਰ ਉਦੋਂ ਤੱਕ ਚਲਣਾ ਹੈ ਜਦੋਂ ਤਕ "ਦਹਿਸ਼ਤੀ ਕਾਰਵਾਈਆਂ ਦਾ ਨਾਮੋ ਨਿਸ਼ਾਨ ਨਹੀਂ ਮਿਟ ਜਾਂਦਾ"। ਜਿਸਦਾ ਮਤਲਬ ਹੈ ਇਕ ਅਣਮਿਥਿਆ ਅਰਸਾ।

ਕਿਉਂਕਿ ਦਹਿਸ਼ਤੀ ਤਸ਼ਦਦ ਦੀਆਂ ਅਜੇਹੀਆਂ ਇੱਕਾ-ਦੁੱਕਾ ਵਾਰਦਾਤਾਂ ਜਿਹੜੀਆਂ ਅੱਜਕੱਲ ਵੇਖਣ 'ਚ ਆਉਂਦੀਆਂ ਹਨ, ਛੇਤੀ ਉਨ੍ਹਾਂ ਖਤਮ ਨਹੀਂ ਕੀਤੀਆਂ ਜਾ ਸਕਦੀਆਂ ਬੇਸ਼ਕ ਇਹਨਾਂ ਦਬਾਊ ਆਰਡੀਨੈਂਸਾਂ ਅਤੇ ਫੌਜ ਦੀ ਵਰਤੋਂ ਜਾਰੀ ਵੀ ਰਹੇ। ਅਤੇ ਸਮਾਂ ਪੈਕੇ ਇਹ ਸਧਾਰਨ ਕਨੂੰਨ ਦੀ ਵਰਤੋਂ ਰਾਹੀਂ ਵੀ ਨਜਿਠੀਆਂ ਜਾ ਸਕਣਗੀਆਂ।

ਸਿੱਖ ਜਨਤਾ ਦੀਆਂ ਵਲੂੰਧਰੀਆਂ ਧਾਰਮਕ ਭਾਵਨਾਵਾਂ ਨੂੰ ਘੱਟੇ ਰੋਲਦਿਆਂ ਇੰਦਿਰਾ ਕਾਂਗਰਸ ਅਤੇ ਅਕਾਲੀ ਦਲ ਦੋਵੇਂ ਹੀ ਜ਼ਖ਼ਮ ਦੀ ਇਸ ਕੁਰੇਦਾ-ਕੁਰੇਈ ਉਤੇ ਤੁਲੇ ਹੋਏ ਹਨ ਤਾਂ ਜੋ ਇਸ ਚੋਂ ਕੁੱਝ ਸਿਆਸੀ ਲਾਹਾ ਨਿਚੋੜ ਸਕਣ। ਅਕਾਲੀ ਆਗੂ ਅਕਾਲ ਤਖ਼ਤ ਦੀ ਮੁਰੰਮਤ ਨੂੰ ਜਿੰਨਾ ਚਿਰ ਹੋ ਸਕੇ ਪਛੇਤਾ ਪਾਉਣਾ ਚਾਹੁੰਦੇ ਹਨ ਅਤੇ "ਕਾਰ-ਸੇਵਾ" ਨੂੰ ਸ਼ਰਧਾਲੂ ਸਿੱਖਾਂ ਦੇ ਇੰਦਰਾ ਕਾਂਗਰਸ ਵਿਰੁੱਧੀ ਜਜ਼ਬਾਤ ਭੜਕਾਉਣ ਦਾ ਵਸੀਲਾ ਬਨਾਉਣੇ ਚਾਹੁੰਦੇ ਹਨ। ਇੰਦਰਾ ਕਾਂਗਰਸ, ਅਕਾਲੀਆਂ ਦੇ ਹੱਥ ਇਹ ਮੌਕਾ ਲੱਗਣ ਨਹੀਂ ਦੇਣਾ ਚਾਹੁੰਦੀ ਅਤੇ "ਕਾਰ-ਸੇਵਾ" ਨੂੰ ਆਪਣਾ ਚੰਗਾ ਨਕਸ਼ਾ ਉਭਾਰਨ ਅਤੇ ਸਿੱਖ ਜਨਤਾ ਅੰਦਰ ਖੱਟੀ ਬਦਨਾਮੀ ਨੂੰ ਕੁੱਝ ਮੱਧਮ ਪਾਉਣ ਦਾ ਵਸੀਲਾ ਬਨਾਉਣਾ ਚਾਹੁੰਦੀ ਹੈ।

ਅਸੀਂ ਮੰਗ ਕਰਦੇ ਹਾਂ ਕਿ "ਕਾਰ ਸੇਵਾ" ਬਾਰੇ

ਇਹ ਬੇਲੋੜਾ ਅਤੇ ਭੜਕਾਊ ਰੇੜਕਾ ਤੁਰਤ ਖਤਮ ਹੋਣਾ ਚਾਹੀਦਾ ਹੈ । ਇੰਦਰਾ ਸਰਕਾਰ ਨੂੰ ਚਾਹੀਦਾ ਹੈ ਕਿ "ਕਾਰ-ਸੇਵਾ" ਦਾ ਕੰਮ ਸਿੱਖ ਸ਼ਰਧਾਲੂਆਂ ਦੀ ਇੱਛਾ ਮੁਤਾਬਤ ਕਿਸੇ ਵੀ ਹੱਥੋਂ ਕੀਤੇ ਜਾਣ ਲਈ ਛੱਡ ਦੇਵੇ । ਹਰਮੰਦਰ ਸਾਹਬ ਅਹਾਤੇ ਅੰਦਰੋਂ ਫੌਜ ਨੂੰ ਤੁਰੰਤ ਹਟਾਉਣਾ ਚਾਹੀਦਾ ਹੈ ।

ਅਕਾਲੀ ਆਗੂਆਂ ਵਲੋਂ ਅਜੇਹੀ ਦੁਖਦਾਈ ਧਾਰਮਕ ਘਟਨਾ ਦੀ ਵੀ ਸਿਆਸੀ ਵਟਤ ਕਰਨ ਦੀ ਖੁਦਗ਼ਰਜ਼ ਕੋਸ਼ਸ਼ ਨੂੰ ਲੋਕ-ਨਿੰਦਿਆ ਵਾਸਤੇ ਨਸ਼ਰ ਕੀਤਾ ਜਾਣਾ ਚਾਹੀਦਾ ਹੈ । ਢੀਠ-ਸਿਆਸਤਦਾਨਾਂ ਦੇ ਇਸ ਤੁੱਛ ਝੰਜੂ-ਕਲੇਸ਼ ਬਾਰੇ ਸਾਡੀ ਫਿਕਰਮੰਦੀ ਇਸ ਕਰਕੇ ਹੈ ਕਿ ਪੰਜਾਬ ਦੇ ਮੌਜੂਦਾ ਬੇਚੈਨ ਅਤੇ ਵਿਗੜੇ ਮਹੌਲ ਅੰਦਰ ਸਹਿਜ-ਸਧਾਰਨਤਾ ਬਹਾਲ ਕਰਨ ਦੇ ਅਮਲ ਨੂੰ ਢਾਅ ਲਾਉਣ ਵਾਲਾ ਹੈ । "ਕਾਰ-ਸੇਵਾ" ਬਾਰੇ ਇਹ ਰੇੜਕਾ ਅਤੇ ਹਰਮੰਦਰ ਸਾਹਿਬ ਅਹਾਤੇ ਅੰਦਰ ਫੌਜ ਦੀ ਮੌਜੂਦਗੀ, ਨਾ ਸਿਰਫ ਸਿੱਖ ਜਨਤਾ ਦੀਆਂ ਵਲੂੰਧਰੀਆਂ ਧਾਰਮਕ ਭਾਵਨਾਵਾਂ ਵਾਸਤੇ ਵਾਧੂ ਦੀ ਚੋਭ ਬਣਦੇ ਹਨ ਬਲਕਿ ਕਿਸਾਨਾਂ ਦੀ ਖਰੀ ਸਮਾਜਕ ਬੇਚੈਨੀ ਦੇ, ਧਾਰਮਕ ਲੀਹਾਂ ਉਤੇ ਔਝੜੇ ਵਹਿਣ ਨੂੰ ਜਾਰੀ ਰੱਖਣ ਲਈ ਖਿੱਚ-ਕੇਂਦਰ ਬਣਦੇ ਹਨ। ਇਸ ਚੋਭ ਦੇ ਦੂਰ ਹੋ ਜਾਣ ਤੋਂ ਬਾਅਦ, ਕਿਸੇ ਸਿਆਸੀ ਜਾਂ ਧਾਰਮਕ ਆਗੂ ਵਲੋਂ ਕਿਸਾਨ ਜਨਤਾ ਨੂੰ ਧਾਰਮਕ ਲੀਹਾਂ ਉਤੇ ਕਿਸੇ ਗੰਭੀਰ ਐਜੀਟੇਸ਼ਨ ਲਈ ਲਾਮਬੰਦ ਕਰਨਾ ਹੁਣ ਬਹੁਤ ਔਖਾ ਹੋਵੇਗਾ ।

ਉਪਰਲੀ ਗੱਲ ਨੂੰ ਧਿਆਨ 'ਚ ਰਖਦਿਆਂ, ਉਹਨਾਂ ਸਾਰੇ ਅਕਾਲੀ ਲੀਡਰਾਂ ਤੇ ਕਰਿੰਦਿਆਂ ਨੂੰ, ਜਿਹੜੇ ਇਸ ਵੇਲੇ ਕੌਮੀ ਸੁਰਖਿਆ ਕਾਨੂੰਨ ਅਧੀਨ ਨਜ਼ਰਬੰਦ ਹਨ ਅਤੇ ਜਿਹਨਾਂ ਦੇ ਖਿਲਾਫ਼ ਕੋਈ ਨਿਸਚਤ ਮੁਕੱਦਮੇ ਨਹੀਂ ਬਣਦੇ, ਫ਼ੌਰੀ ਰਿਹਾ ਕੀਤਾ ਜਾਣਾ ਚਾਹੀਦਾ ਹੈ । ਮੌਜੂਦਾ ਹਾਲਤ ਅੰਦਰ ਉਹਨਾਂ ਦੀ ਨਜ਼ਰਬੰਦੀ ਰਾਹੀਂ ਰੋਕ-ਥਾਮ ਕਰਨ ਲਾਇਕ ਹੋਰ ਕੁਝ ਨਹੀਂ ਸਿਵਾਏ ਇਕ ਮੁਕਾਬਲੇ ਦੀ ਪਾਰਲੀਮੈਂਟੀ ਸਿਆਸੀ ਪਾਰਟੀ ਵਜੋਂ ਉਹਨਾਂ ਨੂੰ ਇੰਦਰਾ ਕਾਂਗਰਸ ਨਾਲ ਮੜ੍ਹਿਕਣ ਤੋਂ ਰੋਕਥਾਮ ਕਰਨ ਦੇ ।

ਏਵੇਂ ਹੀ, ਆਕੀ ਹੋਏ ਫੌਜੀਆਂ ਵੱਨੀ ਯੋਗ ਖਿਆਲ-ਰੱਖਵਾਂ ਰਵੱਈਆ ਅਪਣਾਇਆ ਜਾਣਾ ਚਾਹੀਦਾ ਹੈ । ਜਿਸ ਰਾਹ ਉਹ ਵਗੇ ਸਨ, ਉਹ ਕਿਸੇ ਤਰ੍ਹਾਂ ਵੀ ਲੋਕਾਂ ਨੂੰ ਸਹਾਈ ਹੋਣ ਵਾਲਾ ਨਹੀਂ ਸੀ ਨਿਬੜਨਾ । ਗਲਤ ਪਰੇਰਨਾ ਹੇਠ ਆਏ ਇਹ ਸਾਦਾ-ਦਿਲ ਜੁਆਨ ਸਾਧਾਰਨ ਲੋਕਾਂ ਦੇ ਹਿੱਤ ਦੇ ਉਲਟ ਹੀ ਭੁਗਤਦੇ । ਤਾਂ ਵੀ, ਉਹਨਾਂ ਦੀਆਂ ਨੌਕਰੀ ਦੀਆਂ ਹਾਲਤਾਂ ਵਿਚ ਅਤੇ ਪਿਛਾਂਹ ਘਰ ਦੀਆਂ ਹਾਲਤਾਂ ਵਿਚ ਅਜਿਹਾ ਬੜਾ ਕੁਝ ਮੌਜੂਦ ਹੈ ਜਿਹੜਾ ਉਹਨਾਂ ਅੰਦਰ ਅਧਿਕਾਰੀਆਂ ਦੇ ਖਿਲਾਫ ਖਰੀ ਔਖ ਪੈਦਾ ਕਰਦਾ ਹੈ । ਅਤੇ ਇਹ ਇਹੋ ਔਖ ਹੀ ਹੈ ਜਿਹੜੀ, ਧਾਰਮਕ ਜਜ਼ਬਾਤਾਂ ਦੇ ਤਣਾਅ ਵਾਲੀਆਂ ਹਾਲਤਾਂ ਅੰਦਰ ਇਸ ਬਗਾਵਤ ਦੇ ਰੂਪ ਵਿਚ ਫੁੱਟ ਨਿਕਲੀ ਹੈ ।

ਹੋਰ ਗੱਲ ਇਹ ਕਿ, ਉਹਨਾਂ ਕੁਝ ਤਰੁੱਟੀਆਂ ਨੂੰ ਬਿਨਾਂ ਕਿਸੇ ਕਿਸਮ ਦੀ ਟਾਲਮਟੋਲ ਦੇ ਦੂਰ ਕੀਤਾ ਜਾਣਾ ਚਾਹੀਦਾ ਹੈ ਜਿਹੜੀਆਂ ਪੰਜਾਬ ਤੇ ਹਰਿਆਣਾ ਦੇ ਸੂਬਿਆਂ ਦੀ ਮੁੜ-ਜਥੇਬੰਦੀ ਵੇਲੇ, ਹੋਰ ਈ ਸਿਆਸੀ ਗਿਣਤੀਆਂ-ਮਿਣਤੀਆਂ ਕਾਰਨ, ਪੈਦਾ ਹੋ ਗਈਆਂ ਸਨ । ਚੰਡੀਗੜ੍ਹ ਦਾ ਤਬਾਦਲਾ, ਪਾਣੀ ਦੇ ਵਸੀਲਿਆਂ ਦੀ ਯੋਗ ਵੰਡ ਅਤੇ ਕੁਝ ਸਰਹੱਦੀ ਪਿੰਡਾਂ ਦੀ ਮੁੜ-ਵੰਡ ਨਾਲ ਸੰਬੰਧਤ ਇਹ ਮਸਲੇ ਬਹੁਤ ਪਹਿਲਾਂ ਹੀ ਨਿਆਂ-ਪੂਰਣ ਢੰਗ ਨਾਲ ਨਜਿੱਠੇ ਜਾਣੇ ਚਾਹੀਦੇ ਸਨ । ਕੇਂਦਰੀ ਕਾਂਗਰਸ ਸਰਕਾਰ ਨੇ ਇਹਨਾਂ ਮਸਲਿਆਂ ਦੇ ਹੱਲ ਨੂੰ ਜਾਣ-ਬੁੱਝ ਕੇ ਲਮਕਾਈ ਰੱਖਿਆ ਹੈ ਤਾਂ ਜੋ ਇਲਾਕਾਈ ਜਜ਼ਬਾਤਾਂ ਅਤੇ ਰੱਟਿਆਂ ਨੂੰ ਹਵਾ ਦੇਣ ਅਤੇ ਸਿਆਸੀ ਚਾਲਾਂ ਖੇਡਣ ਲਈ ਆਪਣੀ ਸਹੂਲਤ ਮੁਤਾਬਕ ਇਹਨਾਂ ਨੂੰ ਸੰਦਾਂ ਦੇ ਤੌਰ ਤੇ ਵਰਤਿਆ ਜਾ ਸਕੇ । ਅਕਾਲੀ ਆਗੂ ਵੀ ਇਹਨਾਂ ਮਸਲਿਆਂ ਦੇ ਢੁਕਵੇਂ ਹੱਲ ਲਈ ਕਦੇ ਗੰਭੀਰ ਨਹੀਂ ਸਨ ਕਿਉਂਕਿ ਇਹ ਲੋਕ-ਭਾਉਂਦੇ ਸਮਾਜੀ-ਆਰਥਕ ਕਾਰਵਾਈ ਪਰੋਗਰਾਮ ਦੀ ਅਣਹੋਂਦ ਵਿਚ ਇਹ ਮਸਲੇ ਮੌਕਾਪਰਸਤ ਸਟੰਟਬਾਜ਼ ਸਿਆਸਤ ਲਈ ਉਹਨਾਂ ਦੇ ਹਮੇਸ਼ਾਂ ਸੂਤ ਬਹਿੰਦੇ ਹਨ । ਇਸ ਅਕਾਲੀ ਐਜੀਟੇਸ਼ਨ ਦੇ ਸਾਰੇ ਅਰਸੇ ਦੌਰਾਨ, ਇੰਦਰਾ ਗਾਂਧੀ, ਤੰਗ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ, ਇਹਨਾਂ ਮਸਲਿਆਂ ਦੇ ਹੱਲ ਨੂੰ ਜਾਣ ਬੁੱਝ ਕੇ ਇਸ ਝੂਠੇ ਬਹਾਨੇ ਥੱਲੇ ਪਿਛੇ ਪਾਉਂਦੀ ਰਹੀ ਹੈ ਕਿ ਇਹ ਮੰਗਾਂ ਮੰਨਣਾ ਦਹਿਸ਼ਤ ਪਸੰਦ ਦਬਾਅ ਅੱਗੇ ਗੋਡੇ ਟੇਕਣ ਵਰਗੀ ਗੱਲ ਹੋਵੇਗੀ । ਹੁਣ ਇਹ ਝੂਠਾ ਬਹਾਨਾ ਵੀ ਕਾਫ਼ੂਰ ਹੋ ਗਿਆ ਹੈ, ਧਰਮ-ਨਿਰਪੱਖ ਅਤੇ ਜਮਹੂਰੀ ਤਾਕਤਾਂ ਵਲੋਂ ਵਾਰ ਵਾਰ ਸੁਝਾਏ ਆਧਾਰ ਉਤੇ ਇਹਨਾਂ ਮਸਲਿਆਂ ਦੇ ਹੱਲ ਵਿਚ ਦੇਰ ਕਰਨ ਦਾ ਉੱਕਾ ਈ ਬਹਾਨਾ ਨਹੀਂ ਰਿਹਾ । ਭਾਵੇਂ ਪੰਜਾਬ ਦੇ ਲੋਕਾਂ ਦੀਆਂ ਭਖਵੀਆਂ ਤੇ ਬੁਨਿਆਦੀ ਮੰਗਾਂ ਨਾਲ ਇਹਨਾਂ ਮਸਲਿਆਂ ਦਾ ਸੰਬੰਧ ਨਾ ਹੋਣ ਦੇ ਬਰਾਬਰ ਹੈ ਪਰ ਫਿਰ ਵੀ ਜਨਤਕ ਪਰੇਸ਼ਾਨੀ ਅਤੇ ਸਿਆਸੀ ਤਿਗੜਮ-ਬਾਜ਼ੀ ਦੇ, ਨਕਲੀ ਤੌਰ ਤੇ ਕਾਇਮ ਰੱਖੇ ਜਾ ਰਹੇ

ਇਹਨਾਂ ਸੋਮਿਆਂ ਦਾ ਤੁਰਤ-ਫੁਰਤ ਖਾਤਮਾ ਪੰਜਾਬ ਦੇ ਅਤੇ ਇਸੇ ਤਰ੍ਹਾਂ ਹਰਿਆਣਾ ਦੇ ਲੋਕਾਂ ਦੇ ਹੱਕ ਵਿਚ ਜਾਂਦਾ ਹੈ।

'ਮੱਲ੍ਹਮ-ਫਹੇ' ਦਾ ਅਮਲ ਛੋੜਣ ਵਾਸਤੇ ਇਹ ਹਨ ਜ਼ਰੂਰੀ ਤੇ ਮੁਢਲੇ ਕਦਮ।

ਬਦਲੀ ਹਾਲਤ ਅਤੇ ਇਸਦੀ ਚਾਲ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦਿਆਂ ਅਸੀਂ ਸਾਰੀਆਂ ਧਰਮ-ਨਿਰਪੱਖ, ਜਮਹੂਰੀ ਅਤੇ ਇਨਕਲਾਬੀ ਤਾਕਤਾਂ ਨੂੰ ਅਪੀਲ ਕਰਦੇ ਹਾਂ ਕਿ ਉਹ, ਫਿਰਕੂ-ਜਨੂੰਨੀ ਭੜਕਾਊਆਂ ਦਾ ਹੀਜ-ਪਿਆਜ ਨੰਗਾ ਕਰਨ ਤੇ ਉਹਨਾਂ ਨੂੰ ਨਕਾਰਾ ਕਰਨ ਵੱਲ ਵਿਸ਼ੇਸ਼ ਤੌਰ ਤੇ ਸੇਧੇ ਹੋਏ ਆਪਣੇ ਫਿਰਕਾਪਰਸਤੀ-ਵਿਰੋਧੀ ਘੋਲ ਵਿਚ ਜੁਟੇ ਰਹਿਣ ਅਤੇ ਹੁਣ ਤੋਂ ਸਾਰੇ ਕਾਲੇ ਦਬਾਊ ਆਰਡੀਨੈਂਸਾਂ ਨੂੰ ਖਤਮ ਕਰਾਉਣ ਅਤੇ ਪੰਜਾਬ ਵਿਚੋਂ ਫੌਜੀ ਰਾਜ ਖਤਮ ਕਰਾਉਣ ਲਈ ਜਮਹੂਰੀ ਘੋਲ ਉਤੇ ਵਧਵ ਜ਼ੋਰ ਲਾਉਣ। ਇਹ ਵਿਸ਼ੇਸ਼ ਕਾਰਜ ਪੂਰਕ ਕਿਸਮ ਦੇ ਹਨ ਅਤੇ ਇਹਨਾਂ ਕਾਰਜਾਂ ਨੂੰ ਪੂਰਾ ਕਰਨ ਵਾਲਾ ਘੋਲ ਸਿਰਫ਼ ਤਾਂ ਹੀ ਵਿਆਪਕ ਤੇ ਹੰਢਣ-ਸਾਰ ਹੋ ਸਕਦਾ ਹੈ ਤੇ ਕਾਟ ਕਰ ਸਕਦਾ ਹੈ ਜੇ ਇਸਨੂੰ ਮਿਹਨਤਕਸ਼ ਲੋਕਾਂ, ਖਾਸ ਕਰ ਕਿਸਾਨੀ ਦੇ ਜਮਾਤੀ ਘੋਲਾਂ ਨਾਲ ਗੁੰਦਿਆ ਜਾਵੇ। ਆਓ, ਲੋਕਾਂ ਦੀ ਸਮਾਜਕ ਬੇਚੈਨੀ ਨੂੰ ਇਸਦੇ ਹੁਣ ਵਾਲੇ ਧਾਰਮਕ ਲੀਹਾਂ ਦੇ ਕੁਰਾਹੇ ਤੋਂ ਮੋੜ ਕੇ, ਜਮਾਤੀ ਘੋਲ ਦੀ ਇਸਦੀ ਕੁਦਰਤੀ ਪਟੜੀ ਉਤੇ ਚਾੜ੍ਹਨ ਲਈ ਅਸੀਂ ਸਾਰੇ ਰਲਕੇ ਤਾਣ ਲਾਈਏ।

ਭਾਰਤੀ ਕਮਿ. ਇਨ. ਏਕਤਾ ਕੇਂਦਰ (ਮ. ਲ.)
'ਨਾਗੀ ਰੈਡੀ ਗਰੁੱਪ' ਦੇ ਇਕ ਦਸਤਾਵੇਜ਼ ਵਿਚੋਂ

o

## 5 ਪੰਜਾਬ ਨਾਲ ਧੱਕਾ ਕਿਉਂ ?

ਗੁਰਸ਼ਰਨ ਸਿੰਘ ਸੇਖੋਂ

ਚਿੱਠੀ ਲਿਖਣ ਲੱਗਿਆਂ ਇਕ ਗੱਲ ਮੈਂ ਪਹਿਲਾਂ ਹੀ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਵੀ ਉਸ ਸਮਾਜਿਕ ਢਾਂਚੇ ਦੀ ਵਿਵਸਥਾ ਦਾ ਸਮਰਥਕ ਹਾਂ ਜਿਸ ਵਿਚ ਕਿਸੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਨਾ ਹੋਵੇ।

ਪਰ ਇਸਦਾ ਇਹ ਮਤਲਬ ਨਹੀਂ ਕਿ ਮੈਂ ਸਮਝਦਾ ਹੋਵਾਂ ਕਿ ਇਨਕਲਾਬ ਲਿਆਉਣ ਦਾ ਠੇਕਾ ਸਿਰਫ ਕਮਿਊਨਿਸਟਾਂ ਕੋਲ ਹੀ ਹੈ ਅਤੇ ਲੋਕਾਂ ਦੀ ਮੁਕਤੀ ਲਈ ਹਥਿਆਰ ਸਿਰਫ ਕਮਿਊਮਿਸਟ ਹੀ ਵਰਤ ਸਕਦੇ ਹਨ। ਮੌਜੂਦਾ ਸਮੇਂ ਵਿਕ ਜੋ ਕੋਈ ਵੀ ਲੋਕਾਂ ਦੇ ਸੰਘਰਸ਼ ਨੂੰ ਅਗੇ ਵਧਾਉਂਦਾ ਹੈ ਉਸਦੀ ਹਮਾਇਤ ਮੈਂ ਕਰਾਂਗਾ।

ਹੁਣ ਆਈ ਗੱਲ ਇਸ ਅਟੱਲ ਸਚਾਈ ਉਪਰ ਕਿ ਸਥਾਨਕ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰਿਆਂ ਹੀ ਲੋਕ ਘੋਲਾਂ ਨੂੰ ਅਗੇ ਵਧਾਇਆ ਜਾ ਸਕਦਾ ਹੈ। ਸਿੱਖਾਂ ਵਿਚ ਜੇ ਕੋਈ ਸੋਚੇ ਕਿ ਨਾਸਤਕ ਬਣਕੇ ਅਤੇ ਮਾਓ ਲੈਨਿਨ ਦੀਆਂ ਕੁਟੇਸ਼ਨਾਂ ਗੁਰਬਾਣੀ ਦੀ ਜਮਾ ਦੇ ਕੇ ਕੋਈ ਲੋਕ-ਸੰਘਰਸ਼ ਨੂੰ ਅਗੇ ਲਿਜਾ ਸਕਦਾ ਹੈ ਮੈਂ ਉਸਨੂੰ ਗਲਤ ਸਮਝਦਾ ਹਾਂ। ਹੋ ਸਕਦਾ ਹੈ ਮੈਂ ਵੀ ਗਲਤ ਹੋਵਾਂ। ਪਰ ਸਚਾਈ ਨੇ ਤਾਂ ਸਮੇਂ ਨਾਲ ਆਪੇ ਹੀ ਨਿਤਰ ਆਉਣਾ ਹੈ। ਪੰਜਾਬ ਵਿਚ ਲੋਕ-ਸੰਘਰਸ਼ ਨੂੰ 'ਗੁਰੂ ਦਾ ਸਿੱਖ' ਬਣਕੇ ਹੀ ਅੱਗੇ ਲਿਜਾਇਆ ਜਾ ਸਕਦਾ ਹੈ ਇਹ ਮੇਰਾ ਵਿਸ਼ਵਾਸ਼ ਹੈ। ਗਲਤ ਜਾਂ ਸਹੀ—ਆਉਣ ਵਾਲਾ ਇਤਿਹਾਸ ਦੱਸੇਗਾ।

ਤੁਸੀਂ ਸੰਪਾਦਕੀ ਵਿਚ ਅਖੀਰ ਤੇ ਲਿਖਿਆ ਹੈ ਕਿ ਜੇ ਪੰਜਾਬ ਨਾਲ ਜਾਂ ਸਿਖਾਂ ਨਾਲ ਜੋ ਧਰਮ ਦੇ ਨਾਂ ਤੇ ਵਿਤਕਰਾ ਹੁੰਦਾ ਤਾਂ ਗਿਆਨੀ ਜ਼ੈਲ ਸਿੰਘ ਪ੍ਰਧਾਨ ਨਾ ਹੁੰਦਾ। ਕੋਲ ਇੰਡੀਆ ਵਰਗੀ ਵੱਡੀ ਕਾਰਪੋਰੇਸ਼ਨ ਦਾ ਜਨਰਲ ਮੈਨੇਜਰ ਮਹਿੰਦਰ ਸਿੰਘ ਗੁਜਰਾਲ ਨਾ ਹੁੰਦਾ। ਤਾਂ ਮੈਂ ਪੁੱਛਦਾ ਹਾਂ ਕਿ ਜੇ ਬਾਬੂ ਜਗਜੀਵਨ ਰਾਮ ਦੇਸ਼ ਦਾ ਬਹੁਤ ਵੱਡਾ ਤੇ ਮਜ਼ਬੂਤ ਵਜ਼ੀਰ ਰਹਿ ਚੁੱਕਿਆ ਹੈ, ਹੁਣ ਬੂਟਾ ਸਿੰਘ ਦੀ ਬਹੁਤ ਚਲਦੀ ਹੈ, ਹੋਰ ਵੀ ਬਹੁਤ ਸਾਰੇ ਕਮਜ਼ੋਰ ਵਰਗਾਂ ਦੇ ਵੱਡੇ ਲੀਡਰ ਹਨ, ਜਿਨ੍ਹਾਂ ਦੀ ਸਰਕਾਰੇ ਦਰਬਾਰੇ ਬਹੁਤ ਚਲਦੀ ਹੈ, ਇਸੇ ਤਰ੍ਹਾਂ ਦੇਸ਼ ਦੇ ਪ੍ਰਸ਼ਾਸਨਿਕ ਢਾਂਚੇ ਦੀ ਰੀੜ੍ਹ ਆਈ. ਏ. ਐਸ., ਪੀ. ਸੀ. ਐਸ., ਆਈ. ਪੀ. ਐਸ., ਆਈ. ਐਫ. ਐਸ., ਆਦਿ ਵਿਚ ਬਹੁਤ ਵੱਡੇ ਵੱਡੇ ਉੱਚ-ਅਹੁਦਿਆਂ ਉਪਰ ਹਰੀਜਨਾਂ ਅਤੇ ਦੂਸਰੇ ਕਮਜ਼ੋਰ ਵਰਗਾਂ ਦੇ ਲੋਕ ਬੈਠੇ ਹਨ ਤਾਂ ਕੀ ਤੁਸੀਂ ਕਹੋਗੇ ਕਿ ਹਰੀਜਨ ਅਤੇ ਦੂਸਰੇ ਕਮਜ਼ੋਰ ਵਰਗਾਂ ਨਾਲ ਕੋਈ ਵਿਤਕਰਾ ਨਹੀਂ ਹੋ ਰਿਹਾ। ਜੇ ਉਨ੍ਹਾਂ ਨਾਲ ਵਿਤਕਰਾ ਹੁੰਦਾ ਤਾਂ ਇਹ ਲੋਕ ਏਨੇ ਵੱਡੇ ਅਹੁਦਿਆਂ ਉਪਰ ਕਿਵੇਂ ਆ ਬੈਠਦੇ। ਦਰਅਸਲ ਇਹੋ ਤਾਂ ਲੁਟੇਰੇ ਤਬਕੇ ਦਾ ਇਕ ਸੂਤਰ ਹੈ ਜਿਸ ਨਾਲ ਲੋਕਾਂ ਨੂੰ ਧੋਖਾ ਦਿੱਤਾ ਜਾਂਦਾ ਹੈ ਅਤੇ ਤੁਸੀਂ ਵੀ ਉਨ੍ਹਾਂ ਵਾਲੀ ਹੀ ਦਲੀਲ ਵਰਤਣੀ ਸ਼ੁਰੂ ਕਰ ਦਿਤੀ। ਦਰਅਸਲ ਵੇਖਣਾ ਇਹ ਹੁੰਦਾ ਹੈ ਕਿ ਉਹ ਪ੍ਰਤੀਨਿਧ ਕਿਸਦੇ ਹਨ। ਦਰਅਸਲ ਲੋਕਾਂ ਨੂੰ ਧੋਖਾ ਦੇਣ ਲਈ, ਲੋਕਾਂ ਨੂੰ ਲੋਕਾਂ ਹੱਥੋਂ ਮਰਵਾਉਣ ਲਈ ਲੋਕਾਂ ਵਿਚੋਂ ਕੁਝ ਟੋਲੇ ਲੱਭ ਲਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਉੱਚ-ਅਹੁਦਿਆਂ ਉਪਰ ਬਿਠਾ ਦਿਤਾ ਜਾਂਦਾ ਹੈ। ਇਸ ਨਾਲ ਸਮੱਸਿਆ ਖਤਮ ਨਹੀਂ ਹੋ ਜਾਂਦੀ, ਸਗੋਂ ਗੰਭੀਰ ਹੋ ਜਾਂਦੀ ਹੈ, ਕਿਉਂਕਿ ਲੋਕਾਂ ਵਿਚ ਪਾੜ ਪੈ ਜਾਂਦਾ ਹੈ, ਕੁਝ ਲੋਕ ਗੁੰਮਰਾਹ ਹੋ ਕੇ ਸਰਕਾਰ ਪੱਖੀ ਹੋ ਜਾਂਦੇ ਹਨ।

Registered with the Registrar, News Papers, Vide No. MA/12397-D dated 18.4.80
Post Office No. P/AR—133

ਲੋਕਾਂ ਦੀ ਏਕਤਾ ਨੂੰ ਸੱਟ ਵੱਜਦੀ ਹੈ। ਲੋਕ-ਸੰਘਰਸ਼ ਪਿਛੇ ਪੈ ਜਾਂਦਾ ਹੈ ਅਤੇ ਇਸੇ ਤਰ੍ਹਾਂ ਤੁਸੀਂ ਸਰਕਰੀ ਤੰਤਰਾ ਦੇ ਪਰਚਾਰ ਤੋਂ ਗੁੰਮਰਾਹ ਹੋ ਕੇ ਉਨ੍ਹਾਂ ਵਾਲੀ ਦਲੀਲ ਨੂੰ ਵਰਤ ਰਹੇ ਹੋ। ਤੁਸੀਂ ਇਹ ਦਲੀਲ ਦੇਣ ਤੋਂ ਪਹਿਲਾਂ ਸੋਚਦੇ ਕਿ—ਕੀ ਉਹ ਸਿੱਖਾਂ ਦੇ ਪ੍ਰਤੀਨਿਧ ਹਨ। ਜੇ ਉਹ ਸਿੱਖਾਂ ਦੇ ਪ੍ਰਤੀਨਿਧ ਹੁੰਦੇ ਤਾਂ ਉਹ ਉਸੇ ਸਮੇਂ ਸਰਕਾਰ ਹੇ ਅਸਤੀਫਾ ਦੇ ਦਿੰਦੇ ਜਦੋਂ ਪੰਜਾਬ ਪ੍ਰਤੀ ਵਿਤਕਰਿਆਂ ਨੂੰ ਦੂਰ ਕਰਾਉਣ ਲਈ ਸੰਘਰਸ਼ ਪੰਜਾਬੀ ਲੋਕਾਂ ਨੇ ਅਰੰਭ ਕੀਤਾ ਸੀ। ਦੇਖਣ ਵਾਲੀ ਇਹ ਹੈ ਕਿ ਪੰਜਾਬ ਨਾਲ ਵਿਤਕਰਾ ਇਸੇ ਲਈ ਹੁੰਦਾ ਹੈ ਕਿ ਇਥੇ ਸਿੱਖ ਵਸਦੇ ਹਨ। ਗਿਆਨੀ ਜ਼ੈਲ ਸਿੰਘ ਵਰਗੇ ਸਿੱਖਾਂ ਦੇ ਪ੍ਰਤੀਨਿਧਾਂ ਨਹੀਂ ਕਾਂਗਰਸ ਸਰਕਾਰ ਦੇ ਹਨ। ਇਹੋ ਕਮਜ਼ੋਰ ਤਬਕਿਆਂ ਵਿਚੋਂ ਵੀ। ਆਪਾਂ ਤਾਂ ਦੇਖਣਾ ਇਹ ਹੈ ਕਿ ਵਿਤਕਰਾ ਕਿਸ ਨਾਲ ਹੋ ਰਿਹਾ ਹੈ ਅਤੇ ਕਿਉਂ ਹੋ ਰਿਹਾ ਹੈ। ਪੰਜਾਬ ਨਾਲ ਵਿਤਕਰਾ ਸਿੱਖਾਂ ਦੀ ਵਜ੍ਹਾ ਕਰਕੇ ਹੀ ਹੈ।

ਦਰਅਸਲ ਕਮਜ਼ੋਰ ਤਬਕਿਆਂ ਲਈ ਰਿਜ਼ਰਵੇਸ਼ਨ ਕਿਉਂ ਕਾਇਮ ਕਰਨੀ ਪਈ? ਕਿਉਂਕਿ ਸਮਾਨ ਮੌਕਿਆਂ ਵਿਚ ਉਹ ਅੱਗੇ ਨਹੀਂ ਸਨ ਆ ਸਕਦੇ। ਬੇਸ਼ੱਕ ਕੁਝ ਸਿਫਾਰਸ਼ੀ, ਕੁਝ ਲੀਡਰਾਂ ਦੇ ਚਹੇਤੇ ਜ਼ਰੂਰ ਅੱਗੇ ਆ ਜਾਂਦੇ। ਇਸ ਲਈ ਉਨ੍ਹਾਂ ਨੂੰ ਅੱਗੇ ਆਉਣ ਲਈ ਕਾਨੂੰਨੀ ਹੱਕ ਦਿਤਾ ਗਿਆ।

ਬਿਲਕੁਲ ਇਸੇ ਤਰ੍ਹਾਂ ਸਿਖਾਂ ਲਈ ਸਪੈਸ਼ਲ ਧਰਾਵਾਂ ਸੰਵਿਧਾਨ ਵਿਚ ਹੋਣੀਆਂ ਜ਼ਰੂਰੀ ਹਨ। ਜੇ ਗੱਲ ਨੂੰ ਹੋਰ ਡੂੰਘਾਈ ਨਾਲ ਕੀਤਾ ਗਿਆ ਤਾਂ ਗੱਲ ਬਹੁਤ ਲੰਮੀ ਹੋ ਜਾਵੇਗੀ। ਪ੍ਰਸ਼ਨ ਇਹ ਹੈ ਕਿ ਪੰਜਾਬ ਭਾਸ਼ਾ ਦੇ ਆਧਾਰ ਤੇ ਸਾਰੇ ਸੂਬਿਆਂ ਤੋਂ ਮਗਰੋਂ ਅਤੇ ਸਭ ਤੋਂ ਵੱਧ ਕੁਰਬਾਨੀਆਂ ਹੋਣ ਤੋਂ ਬਾਦ ਕਿਉਂ ਹੋਂਦ ਵਿਚ ਆਇਆ?

ਚੰਡੀਗੜ੍ਹ ਪੰਜਾਬ ਨੂੰ ਕਿਉਂ ਨਹੀਂ ਦਿੱਤਾ ਗਿਆ?

ਅਬੋਹਰ ਫਾਜ਼ਿਲਕਾ ਹਰਿਆਣੇ ਨੂੰ ਦੇਣ ਦਾ ਕੀ ਉਚਿਤ ਸੀ?

ਪਾਣੀ ਵਿਚ ਪੰਜਾਬ ਨਾਲ ਕਿਉਂ ਇਨਸਾਫ ਨਹੀਂ ਹੋ ਰਿਹਾ?

ਜੇ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਤੁਸੀਂ ਗੰਭੀਰਤਾ ਨਾਲ ਤੇ ਡੂੰਘਾਈ ਨਾਲ ਖੋਜਣ ਦਾ ਯਤਨ ਕਰੋਗੇ ਤਾਂ ਆਪਣੇ ਆਪ ਸਪੱਸ਼ਟ ਹੋ ਜਾਵੇਗਾ ਕਿ ਪੰਜਾਬ ਨਾਲ ਧੱਕਾ ਸਿੱਖਾਂ ਦੀ ਵਜ੍ਹਾ ਕਰਕੇ ਹੀ ਹੋ ਰਿਹਾ ਹੈ? ਜਿੰਨੀ ਦੇਰ ਤੱਕ ਸਾਰੇ ਪੰਜਾਬੀ ਇਸ ਗੱਲ ਨੂੰ, ਇਸ ਹਕੀਕਤ ਨੂੰ ਕਬੂਲ ਨਹੀਂ ਕਰਦੇ, ਖਾਸ ਕਰਕੇ ਕਮਿਊਨਿਸਟ ਕਿ ਪੰਜਾਬ ਨਾਲ ਧੱਕਾ ਸਿੱਖਾਂ ਦੀ ਹੋਂਦ ਕਰਕੇ ਹੁੰਦਾ ਹੈ, ਓਨੀ ਦੇਰ ਤੱਕ ਪੰਜਾਬ ਦੇ ਮਸਲੇ ਹੱਲ ਨਹੀਂ ਹੋ ਸਕਦੇ।

ਸਹੀ ਢੰਗ ਨਾਲ ਸੋਚਦੇ ਹੋਣ ਸਭ ਨੂੰ ਮਨੁੱਖੀ ਰੂਪ ਵਿਚ। ਪਰ ਉਨ੍ਹਾਂ ਦੀ ਬਹੁ ਗਿਣਤੀ ਨਹੀਂ ਹੁੰਦੀ, ਆਟੇ ਵਿਚ ਲੂਣ ਹੁੰਦੇ ਹਨ।

ਸਾਰੀਆਂ ਗੱਲਾਂ ਨੂੰ ਸੋਚਣ ਤੋਂ ਬਾਦ ਸਪਸ਼ਟ ਹੋ ਜਾਂਦਾ ਹੈ ਕਿ ਸਿਖਾਂ ਲਈ ਸਪੈਸ਼ਲ ਧਾਰਾ ਸੰਵਿਧਾਨ ਵਿਚ ਜੋੜੇ ਬਿਨਾਂ ਪੰਜਾਬ ਦੀਆਂ ਸਮਸਿਆਵਾਂ ਖਤਮ ਨਹੀਂ ਹੋ ਸਕਣਗੀਆਂ। ਕਮਿਊਨਿਸਟਾਂ ਨੂੰ ਇਸ ਸੰਬੰਧ ਵਿਚ ਖੁੱਲੇ ਦਿਮਾਗ ਨਾਲ ਸੋਚਣ ਦੀ ਲੋੜ ਹੈ। ਪੰਜਾਬ ਵਿਚ ਉਨਾਂ ਦੀ ਲੜਾਈ ਦਾ ਰੂਪ ਕੁਝ ਹੋਰ ਹੋਵੇਗਾ, ਬੰਗਾਲ ਵਿਚ ਹੋਰ ਹੋਵੇਗਾ। ਪੰਜਾਬ ਦੇ ਲੋਕਾਂ ਨੂੰ ਨਾਲ ਲੈਣ ਲਈ ਉਨਾਂ ਨੂੰ ਗੁਰੂ ਦੇ ਸਿਖ ਬਣਨਾ ਪਵੇਗਾ। ਵੈਸੇ ਇਹ ਤਾਂ ਅਲੱਗ ਸਵਾਲ ਹੈ। ਸਵਾਲ ਤਾਂ ਸੀ ਕਿ ਸਿਖਾਂ ਨਾਲ ਵਿਤਕਰਾ ਹੋ ਰਿਹਾ ਹੈ ਜਾਂ ਨਹੀਂ? ਦਰਅਸਲ ਕਿਸੇ ਮਿਸਾਲ ਨੂੰ ਲੈਣ ਲਈ ਦੇਖਣਾ ਪਵੇਗਾ ਕਿ ਉਹ ਪ੍ਰਤੀਨਿਧਤਾ ਕਿੰਨਾਂ ਦੀ ਕਰਦੀ ਹੈ।

ਪੰਜਾਬ ਸੰਬੰਧੀ ਕਮਿਊਨਿਸਟਾਂ ਨੂੰ ਆਪਣੀਆਂ ਨੀਤੀਆਂ ਦਾ ਪੁਨਰ-ਨਿਰਧਾਰਣ ਕਰਨਾ ਪਵੇਗਾ।

ਮੇਰੀ ਚਿੱਠੀ ਤੋਂ ਇਹ ਨਾ ਸਮਝ ਲੈਣਾ ਕਿ ਮੈਂ ਅੰਧ-ਵਿਸ਼ਵਾਸੀ ਅਤੇ ਸੰਪਰਦਾਇਕ ਹੋ ਗਿਆ ਹਾਂ। ਦਰਅਸਲ ਮੈਂ ਸਮਸਿਆ ਨੂੰ ਸਹੀ ਪਰਿਪੇਖ ਵਿਚ ਦੇਖ ਰਿਹਾ ਹਾਂ। ਕਿਉਂਕਿ ਕਿਸੇ ਵੀ ਸਮਸਿਆ ਨੂੰ ਸਹੀ ਪਰਿਪੇਖ ਵਿਚ ਦੇਖੇ ਤੋਂ ਬਿਨਾਂ ਉਸਦਾ ਹੱਲ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੀਆਂ ਸਮਸਿਆਵਾਂ ਦਾ ਕਾਰਨ ਆਰਥਿਕ ਨਹੀਂ, ਸਗੋਂ ਸਿੱਖਾਂ ਦੀ ਹੋਂਦ ਹੈ। ਬੇਸ਼ਕ ਅੰਸ਼ਕ ਰੂਪ ਵਿਚ ਆਰਥਿਕ ਵੀ ਹੈ। ਪਰ ਅਸਲ ਤੇ ਮੂਲ ਕਾਰਨ ਸਿੱਖ ਧਰਮ ਹੈ। ਹਿੰਦੂ ਮਾਨਸ ਸਿਖ ਮਾਨਸ ਨੂੰ ਕਮਜ਼ੋਰ ਰੱਖਣਾ ਚਾਹੁੰਦਾ ਹੈ। ਇਹ ਮੂਲ ਧੁਰਾ ਹੈ ਜਿਸਤੋਂ ਸਾਰੀਆਂ ਸਮਸਿਆਵਾਂ ਉਪਜਦੀਆਂ ਹਨ। ਇਕ ਹੋਰ ਗੱਲ ਤੋਂ ਵੀ ਇਹ ਸਪਸ਼ਟ ਹੁੰਦਾ ਹੈ ਕਿ ਸ੍ਰੀ ਮਤੀ ਗਾਂਧੀ ਨੇ ਸਿੱਖ ਕਤਲਾਮ ਤੋਂ ਪਹਿਲਾਂ ਇਸ ਗੱਲ ਉਪਰ ਡੂੰਘੀ ਸੋਚ ਵਿਚਾਰ ਕੀਤੀ ਕਿ ਇਸ ਘਲੂਘਾਰੇ ਨਾਲ ਉਸਦੀਆਂ ਵੋਟਾਂ ਉਪਰ ਕੀ ਅਸਰ ਪਵੇਗਾ। ਤਾਂ ਉਸਨੂੰ ਦਸਿਆ ਗਿਆ ਕਿ ਜਿਥੇ ਸਿੱਖਾਂ ਦੀਆਂ ਕੁਝ ਵੋਟਾਂ ਟੁੱਟਣਗੀਆਂ ਉਥੇ ਹਿੰਦੂਆਂ ਦੀਆਂ ਵੋਟਾਂ ਬੀ. ਜੇ. ਪੀ. ਨਾਲੋਂ ਟੁੱਟਕੇ ਕਾਂਗਰਸ ਨਾਲ ਆ ਜਾਣਗੀਆਂ।

o